# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 99 Wednesday, May 27, 2020 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper **THE ONLY DAILY PUNJABI NEWSPAPER** ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


# ਓਨਟਾਰੀਓ ਦੇ ਲਾਂਗ ਟਰਮ ਕੇਅਰ ਹੋਮਜ਼ ’ਤੇ ਫੌਜ ਨੇ ਲਗਾਏ ਗੰਭੀਰ ਦੋਸ਼



ਓਨਟਾਰੀਓ, 26 ਮਈ (ਪੋਸਟ ਬਿਊਰੋ) : ਓਨਟਾਰੀਓ ਦੇ ਪੰਜ ਲਾਂਗ ਟਰਮ ਕੇਅਰ ਹੋਮਜ਼ ਬਾਰੇ ਫੌਜ ਵੱਲੋਂ ਦਿੱਤੀ ਗਈ ਰਿਪੋਰਟ ਕੋਈ ਬਹੁਤੀ ਵਧੀਆ ਨਹੀਂ ਹੈ। ਇਸ ਰਿਪੋਰਟ ਵਿੱਚ ਦੋਸ਼ ਲਗਾਏ ਗਏ ਹਨ ਕਿ ਇਨ੍ਹਾਂ ਲਾਂਗ ਟਰਮ ਕੇਅਰ ਹੋਮਜ਼ ਵਿੱਚ ਕੋਵਿਡ-19 ਪਾਜ਼ੀਟਿਵ ਮਰੀਜ਼ਾਂ ਨੂੰ ਗੈਰ ਸੰਕ੍ਰਮਤ ਲੋਕਾਂ ਨਾਲ ਰੱਖਿਆ ਜਾਂਦਾ ਹੈ, ਕੀੜਿਆਂ ਤੋਂ ਸੰਕ੍ਰਮਣ ਦਾ ਡਰ ਹੈ ਤੇ ਰੈਜ਼ੀਡੈਂਟਸ ਨੂੰ ਖਿੱਝ ਕੇ ਫੀਡ ਕੀਤਾ ਜਾਂਦਾ ਹੈ ਜਿਸ ਕਾਰਨ ਉਨ੍ਹਾਂ ਦੇ ਚੋਕ ਹੋਣ ਦਾ ਡਰ ਬਣਿਆ ਰਹਿੰਦਾ ਹੈ।

ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਪਿਛਲੇ ਮਹੀਨੇ ਪੰਜ ਲਾਂਗ ਟਰਮ ਕੇਅਰ ਹੋਮਜ਼, ਜੋ ਕਿ ਕੋਵਿਡ-19 ਆਊਟਬ੍ਰੇਕ ਨਾਲ ਜੂਝ ਰਹੇ ਸਨ, ਵਿੱਚ ਮਦਦ ਲਈ ਫੌਜ ਤੋਂ ਸਹਿਯੋਗ ਮੰਗਿਆ ਸੀ। ਫੋਰਡ ਨੇ ਇਸ ਰਿਪੋਰਟ ਨੂੰ ਦਿਲ ਦਹਿਲਾ ਦੇਣ ਵਾਲੀ ਰਿਪੋਰਟ ਦੱਸਦਿਆਂ ਆਖਿਆ ਕਿ ਜੋ ਕੁੱਝ ਇੱਥੇ ਹੋਇਆ ਉਹ ਬਹੁਤ ਹੀ ਡਰਾਉਣਾ ਤੇ ਘ੍ਰਿਣਾਤਮਕ ਹੈ। ਇਨ੍ਹਾਂ ਮਰੀਜ਼ਾਂ ਦੇ ਸਵੈਮਾਨ ਨੂੰ ਠੇਸ ਪਹੁੰਚਾਈ ਗਈ ਹੈ। ਮਿਆਰੀ ਆਪਰੇਟਿੰਗ ਪ੍ਰੋਸੀਜਰਜ਼ ਦੀ ਪਾਲਣਾ ਵੀ ਨਹੀਂ ਕੀਤੀ ਗਈ। ਇਸ ਦੌਰਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਰਿਪੋਰਟ ਪੜ੍ਹੀ ਤੇ ਇਸ ਮਾਮਲੇ ਨੂੰ ਪਰੇਸ਼ਾਨ ਕਰਨ ਵਾਲਾ ਦੱਸਿਆ।

ਫੋਰਡ ਨੇ ਆਖਿਆ ਕਿ ਲਾਂਗ ਟਰਮ ਕੇਅਰ ਸਿਸਟਮ ਨਾਲ ਜੁੜੇ ਜੋ ਵੀ ਮੁੱਦੇ ਹਨ ਉਨ੍ਹਾਂ ਦੀ ਪੂਰੀ ਜਵਾਬਦੇਹੀ ਉਹ ਆਪਣੇ ਸਿਰ ਲੈਂਦੇ ਹਨ। ਫੋਰਡ ਨੇ ਆਖਿਆ ਕਿ ਇਸ ਸਿਸਟਮ ਨੂੰ ਉਹ ਠੀਕ ਕਰਕੇ ਹੀ ਸਾਹ ਲੈਣਗੇ। ਉਨ੍ਹਾਂ ਅੱਗੇ ਆਖਿਆ ਕਿ ਰੈਜ਼ੀਡੈਂਟਸ ਦੇ ਪਰਿਵਾਰਾਂ ਪ੍ਰਤੀ ਸਾਡੀ ਕੋਈ ਜਵਾਬਦੇਹੀ ਹੈ, ਉਨ੍ਹਾਂ ਨੂੰ ਇਨਸਾਫ ਮਿਲਣਾ ਚਾਹੀਦਾ ਹੈ। ਇਨ੍ਹਾਂ ਦੋਸ਼ਾਂ ਦੇ ਸਬੰਧ ਵਿੱਚ ਓਨਟਾਰੀਓ ਵੱਲੋਂ ਜਾਂਚ ਸ਼ੁਰੂ ਕਰਵਾਈ ਗਈ ਹੈ ਤੇ ਇਸ ਜਾਂਚ ਦੇ ਨਤੀਜੇ ਪੁਲਿਸ ਨਾਲ ਸਾਂਝੇ ਕੀਤੇ ਜਾਣਗੇ ਤਾਂ ਕਿ ਉਹ ਸੰਭਾਵੀ ਕ੍ਰਿਮੀਨਲ ਚਾਰਜਿਜ਼ ਨਾਲ ਨਜਿੱਠ ਸਕੇ।

ਇਨ੍ਹਾਂ ਲਾਂਗ ਟਰਮ ਕੇਅਰ ਹੋਮਜ਼ ਵਿੱਚੋਂ ਪੰਜਾਂ ਵਿੱਚੋਂ ਚਾਰ ਪ੍ਰਾਈਵੇਟ ਹਨ, ਪਰ ਫੋਰਡ ਨੇ ਆਖਿਆ ਕਿ ਪ੍ਰੋਵਿੰਸ ਵਿੱਚ ਕੁੱਲ 626 ਲਾਂਗ ਟਰਮ ਕੇਅਰ ਹੋਮਜ਼ ਹਨ ਤੇ ਉਨ੍ਹਾਂ ਦੇ ਹਾਲਾਤ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਆਖਿਆ ਕਿ ਫੈਡਰਲ ਸਰਕਾਰ ਦੀ ਮਦਦ ਤੋਂ ਬਿਨਾਂ ਮੁਕੰਮਲ ਪਬਲਿਕ ਸਿਸਟਮ ਸੰਭਵ ਨਹੀਂ ਹੈ। ਵਿੱਤੀ ਤੌਰ ਉੱਤੇ ਅਸੀਂ ਇਸ ਦਾ ਖਰਚਾ ਝੱਲ ਨਹੀਂ ਸਕਾਂਗੇ। ਫੋਰਡ ਨੇ ਆਖਿਆ ਕਿ ਇਸ ਰਿਪੋਰਟ ਤੋਂ ਬਾਅਦ ਸਿੱਧ ਹੋ ਗਿਆ ਹੈ ਕਿ ਸਿਸਟਮ ਖਰਾਬ ਹੋ ਚੁੱਕਿਆ ਹੈ। ਉਨ੍ਹਾਂ ਜਨਤਕ ਜਾਂਚ ਕਰਵਾਉਣ ਤੋਂ ਵੀ ਇਨਕਾਰ ਨਹੀਂ ਕੀਤਾ ਜਦਕਿ ਪਹਿਲਾਂ ਉਹ ਇਸ ਤੋਂ ਟਾਲਾ ਵੱਟ ਰਹੇ ਸਨ।

## ਟੋਰਾਂਟੋ ਵਿੱਚ ਦਿਨ-ਦਿਹਾੜੇ ਗੋਲੀ ਮਾਰ ਕੇ 16 ਸਾਲਾ ਲੜਕੇ ਦਾ ਕਤਲ, 2 ਹੋਰ ਜ਼ਖ਼ਮੀ



ਟੋਰਾਂਟੋ, 26 ਮਈ (ਪੋਸਟ ਬਿਊਰੋ) : ਮੰਗਲਵਾਰ ਦੁਪਹਿਰ ਨੂੰ ਡਾਊਨਟਾਊਨ ਵਿੱਚ ਇੱਕ 16 ਸਾਲਾ ਲੜਕੇ ਨੂੰ ਗੋਲੀ ਮਾਰ ਕੇ ਹਲਾਕ ਕਰ ਦਿੱਤਾ ਗਿਆ ਤੇ ਦੋ ਹੋਰ ਜ਼ਖ਼ਮੀ ਹੋ ਗਏ। ਪੁਲਿਸ ਇਸ ਨੂੰ ਟਾਰਗੈਟਿਡ ਸ਼ੂਟਿੰਗ ਦੱਸ ਰਹੀ ਹੈ।

ਪੁਲਿਸ ਅਧਿਕਾਰੀਆਂ ਨੂੰ ਮੰਗਲਵਾਰ ਨੂੰ ਦੁਪਹਿਰੇ 4:00 ਵਜੇ ਤੋਂ ਬਾਅਦ ਗੋਲੀਆਂ ਚੱਲਣ ਤੇ ਲੋਕਾਂ ਦੇ ਘਬਰਾਹਟ ਵਿੱਚ ਇੱਧਰ ਉੱਧਰ ਭੱਜਣ ਮਗਰੋਂ ਕਿੰਗ ਸਟਰੀਟ ਤੇ ਬਲੂ ਜੇਅਜ਼ ਵੇਅ ਉੱਤੇ ਸੱਦਿਆ ਗਿਆ। ਇੱਕ 15 ਸਾਲਾ ਲੜਕਾ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ ਤੇ ਉਸ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ ਤੇ ਇਕ ਔਰਤ ਵੀ ਇਸ ਦੌਰਾਨ ਗੰਭੀਰ ਜ਼ਖ਼ਮੀ ਹੋਈ ਪਰ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ।

ਚੀਫ ਮਾਰਕ ਸਾਂਡਰਸ ਨੇ ਆਖਿਆ ਕਿ ਮਹਿਲਾ ਕੋਈ ਰਾਹਗੀਰ ਸੀ। ਮੌਕੇ ਉੱਤੇ ਚੌਥੇ ਵਿਅਕਤੀ ਦਾ ਮੁਆਇਨਾ ਕਰਨ ਉੱਤੇ ਪਾਇਆ ਗਿਆ ਕਿ ਉਸ ਨੂੰ ਮਾਮੂਲੀ ਸੱਟਾਂ ਲੱਗੀਆਂ ਜੋ ਕਿ ਗੋਲੀਕਾਂਡ ਨਾਲ ਸਬੰਧਤ ਨਹੀਂ ਸਨ।

...ਬਾਕੀ ਪੰਨਾ 3 ’ਤੇ

# ਹਾਊਸ ਆਫ ਕਾਮਨਜ਼ ਦੀਆਂ ਨਿਯਮਿਤ ਸਿਟਿੰਗਜ਼ ਸਤੰਬਰ ਤੱਕ ਮੁਲਤਵੀ



ਓਟਵਾ, 26 ਮਈ (ਪੋਸਟ ਬਿਊਰੋ) : ਮੰਗਲਵਾਰ ਨੂੰ ਲਿਬਰਲ, ਐਨਡੀਪੀ ਤੇ ਗ੍ਰੀਨ ਪਾਰਟੀ ਦੇ ਐਮਪੀਜ਼ ਨੇ ਹਾਊਸ ਆਫ ਕਾਮਨਜ਼ ਦੀਆਂ ਸਾਰੀਆਂ ਨਿਯਮਿਤ ਸਿਟਿੰਗਜ਼ ਸਤੰਬਰ ਤੱਕ ਸਸਪੈਂਡ ਕਰਨ ਦਾ ਮਤਾ ਪਾਸ ਕੀਤਾ। ਇਸ ਦੀ ਥਾਂ ਉੱਤੇ ਸਪੈਸ਼ਲ ਆਲ ਪਾਰਟੀ ਕੋਵਿਡ-19 ਕਮੇਟੀ ਕੰਮ ਕਰੇਗੀ। ਜਿਸ ਤਹਿਤ ਮੱਧ ਜੂਨ ਤੱਕ ਹਫਤੇ ਵਿੱਚ ਚਾਰ ਮੀਟਿੰਗਾਂ ਤੇ ਗਰਮੀਆਂ ਵਿੱਚ ਚਾਰ ਸਪੈਸ਼ਲ ਹਾਊਸ ਸਿਟਿੰਗਜ਼ ਕਰਵਾਈਆਂ ਜਾਣਗੀਆਂ।

ਇਹ ਫੈਸਲਾ ਦੋ ਦਿਨ ਚੱਲੀ ਬਹਿਸ ਤੋਂ ਬਾਅਦ ਲਿਆ ਗਿਆ। ਇਸ ਬਹਿਸ ਵਿੱਚ 338 ਐਮਪੀਜ਼ ਵਿੱਚੋਂ 50 ਨੇ ਹਿੱਸਾ ਲਿਆ ਤੇ ਵੋਟ ਦਾ ਨਤੀਜਾ 23 ਦੇ ਮੁਕਾਬਲੇ 28 ਰਿਹਾ। ਬਲਾਕ ਕਿਊਬਿਕੁਆ ਤੇ ਕੰਜ਼ਰਵੇਟਿਵਜ਼ ਵੱਲੋਂ ਇਸ ਮਤੇ ਦਾ ਵਿਰੋਧ ਕੀਤਾ ਗਿਆ। ਇਸ ਫੈਸਲੇ ਮੁਤਾਬਕ ਨਵੇਂ ਫੌਰਮੈਟ ਅਨੁਸਾਰ ਸੀਮਤ ਨੰਬਰ ਵਿੱਚ ਐਮਪੀ ਵਿਅਕਤੀਗਤ ਤੌਰ ਉੱਤੇ ਓਟਵਾ ਵਿੱਚ ਹਾਊਸ ਆਫ ਕਾਮਨਜ਼ ਵਿੱਚ ਹਿੱਸਾ ਲਿਆ ਕਰਨਗੇ ਜਦਕਿ ਬਾਕੀ ਐਮਪੀਜ਼ ਆਪਣੇ ਹਲਕਿਆਂ ਤੋਂ ਵਰਚੂਅਲ ਤੌਰ ਉੱਤੇ ਪਾਰਲੀਆਮੈਂਟ ਦੀ ਕਾਰਵਾਈ ਵਿੱਚ ਹਿੱਸਾ ਲੈ ਸਕਣਗੇ। ਉਨ੍ਹਾਂ ਦੀ ਮੌਜੂਦਗੀ ਚੇਂਬਰ ਵਿੱਚ ਲੱਗੀਆਂ ਦੋ ਵੱਡੀਆਂ ਸਕਰੀਨਜ਼ ਉੱਤੇ ਨਜ਼ਰ ਆਵੇਗੀ। ਇਹ ਮੀਟਿੰਗਾਂ ਸਪੈਸ਼ਲ ਕਮੇਟੀ ਦੀਆਂ ਹੋਣਗੀਆਂ ਤੇ ਇਨ੍ਹਾਂ ਵਿੱਚ ਪ੍ਰੋਸੀਜਰਲ ਰੂਲ ਤੇ ਪਾਰਲੀਆਮੈਂਟਰੀ ਪ੍ਰਿਵਲੇਜ ਮਾਮਲੇ ਵਿਚਾਰੇ ਜਾਣਗੇ ਤੇ ਇਹ ਹਾਊਸ ਆਫ ਕਾਮਨਜ਼ ਦੀਆਂ ਮੀਟਿੰਗਾਂ ਨਹੀਂ ਹੋਣਗੀਆਂ। ਮੀਟਿੰਗਾਂ ਦੀ ਗਿਣਤੀ ਹਫਤੇ ਵਿਚ ਤਿੰਨ ਤੋਂ ਚਾਰ ਕਰ ਦਿੱਤੀ ਗਈ ਹੈ। ਇਸ ਤੋਂ ਭਾਵ ਹੈ ਕਿ 17 ਜੂਨ ਤੱਕ ਸੋਮਵਾਰ ਤੋਂ ਲੈ ਕੇ ਵੀਰਵਾਰ ਤੱਕ ਐਮਪੀਜ਼ ਨੂੰ ਕੋਵਿਡ-19 ਸਬੰਧੀ ਜਾਰੀ ਕੋਸ਼ਿਸ਼ਾਂ ਜਾਂ ਹੋਰ ਵਿਸ਼ਿਆਂ ਉੱਤੇ ਸਰਕਾਰ ਤੋਂ ਸਵਾਲ ਕਰਨ ਦਾ ਮੌਕਾ ਮਿਲੇਗਾ। 17 ਜੂਨ ਨੂੰ ਸਪੈਸ਼ਲ ਕਮੇਟੀ ਦੀ ਕਾਰਵਾਈ ਰੋਕ ਦਿੱਤੀ ਜਾਵੇਗੀ ਤੇ ਐਮਪੀਜ਼ ਚੇਂਬਰ ਵਿੱਚ ਇੱਕਠੇ ਹੋ ਕੇ ਫੈਡਰਲ ਖਰਚਿਆਂ ਦੇ ਅਗਲੇ ਗੇੜ ਬਾਰੇ ਮਤਾ ਪਾਸ ਕਰਨਗੇ।

ਪ੍ਰਧਾਨ ਮੰਤਰੀ ਟਰੂਡੋ ਨੇ ਆਖਿਆ ਕਿ ਦੂਰ ਦਰਾਜ ਤੋਂ ਐਮਪੀਜ਼ ਵੋਟ ਕਿਵੇਂ ਕਰਨਗੇ, ਸਿਰਫ ਇਹ ਮੁੱਦਾ ਹੱਲ ਕੀਤਾ ਜਾਣ ਵਾਲਾ ਰਹਿ ਗਿਆ ਹੈ ਬਾਕੀ ਸਾਰੀਆਂ ਸਮੱਸਿਆਵਾਂ ਦਾ ਹੱਲ ਅਸੀਂ ਲੱਭ ਲਿਆ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਇਸ ਮਾਮਲੇ ਨੂੰ ਵੀ ਜਲਦ ਹੱਲ ਕਰ ਲਿਆ ਜਾਵੇਗਾ।


Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI 416.994.7272
www.allkindinsurance.com

INSURANCE
Home
Auto
Business
Trucking
Life Insurance
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axel InsuranceBrokers Ltd. 1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 www.ufsinsurance.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HSBA Tax Services
20% Discount For Students, New Immigrants and Senior Citizens
Personal / Corporation Tax
Accounting / Bookkeeping
Business Registrations
HST/WSIB/Payroll
Financial Statements/Audits
Mortgages and Loans
647-720-5278
PRABHJOT KAUR (Sr. Accountant, M.B.A)
77-100 Maritime Ontario Blvd.,Brampton, ON L6S 0E7

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ
Tico # 50021780
905.796.0000
900 Raylawson Blvd. Unit # 6, Brampton

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

DHINDSA LAW
Barrister, Solicitor & Notary Public
www.dhindsalaw.ca
CRIMINAL AND FAMILY LAW
IMMIGRATION
REAL ESTATE
WILLS, AFFIDAVITS & NOTARIZATIONS
Special Discount For Student & Senior Citizens
NAVDEEP DHINDSA B-Tech/ LLB
LOCATIONS: 10510 Torbram Rd Unit-J1, Brampton L6R 3N9 (Torbram & Sandalwood)
330 Highway 7 E, Suite 309, Richmond Hill- L4B 3P8
Call: 437 998 1429

Law Office of Aman Sharma
Real Estate Commercial Lease
Business Purchase & Sale
Notarizations & Affidavits
Wills & Power Of Attorney
Fax: 905-913-2354 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
Custom Kitchen Cabinets
Completly Furnished
Legal Basement
Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

You can Place Your Business Here To Reach Wider Audience
(905)793-2202

MANN LAW FIRM
Real Estate Law
Business Law
Wills & Estates
Family Law
Power of Attorney
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
Mouse & Rats
Spiders & Fleas
Bedbugs
Wasps
Cockroaches
Carpenter Ants
Silver Fish
Racoons
Call : PARESH PATEL
416 938 4598



NOW HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com




ASIAN FOOD CENTRE
FRESH & LARGE VARIETY
Bread , Derry & Eggs
Fruits & Vegetables
Sweet & Samosas
Branded Foods
Beverages & Confectionery
Grocery & Staples
VEGETARIAN FOOD
HEALTHY EATING
SERVING FROM 10 LOCATIONS IN ALL THE GTA AREA:
10 Westmore Drive Etobicoke ON M9V-3Z7 416-740-3262
2120 North park Drive Brampton ON L6S 0C9 905-793-1338
10510 Torbram Road, Brampton 905-790-0030
308 Eddystone Ave North York ON M3N-1H7 416-740-3360
621 Wanless drive, # 122 Brampton ON L7A 0A9 905-495-3336
284 Orenda Road #13 Brampton ON L6T 5S3 905-450-9167
10 Pannahill Dr, Brampton 905 913-8017
80 Pertosa Drive Brampton ON L5X-5E9 905-460-0009
1075 Ceremonial Drive Mississauga ON L5R 2Z4 905-502-1600
21 Lacoste Blvd, Brampton, ON L6P 2K2 905 794-8109

# ਸੰਯੁਕਤ ਰਾਸ਼ਟਰ ਦੀ ਕਾਨਫਰੰਸ ਦੀ ਸਹਿ ਮੇਜ਼ਬਾਨੀ ਕਰਨਗੇ ਟਰੂਡੋ



ਓਟਵਾ, 26 ਮਈ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਕਾਰਨ ਪੈਦਾ ਹੋਏ ਆਰਥਿਕ ਸੰਕਟ ਨਾਲ ਸਿੱਝਣ ਲਈ ਸੰਯੁਕਤ ਰਾਸ਼ਟਰ ਵੱਲੋਂ ਸੱਦੀ ਗਈ ਵੱਡੀ ਕਾਨਫਰੰਸ ਦੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਸਹਿ ਮੇਜ਼ਬਾਨੀ ਕਰਨਗੇ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਜਮਾਇਕਾ ਤੋਂ ਆਪਣੇ ਹਮਰੁਤਬਾ ਅਧਿਕਾਰੀ ਐਂਡਰੀਊ ਹੋਲਨੈਸ ਤੇ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਨਟੋਨੀਓ ਗੁਤੈਰੇਸ ਨਾਲ ਵੀਰਵਾਰ ਨੂੰ ਹੋਣ ਜਾ ਰਹੇ ਇਸ ਈਵੈਂਟ ਦੀ ਮੇਜ਼ਬਾਨੀ ਕਰਨਗੇ। ਇਸ ਈਵੈਂਟ ਦੌਰਾਨ ਸਾਰਿਆਂ ਦੀ ਤਰਜੀਹ ਘੱਟ ਵਿਕਸਤ ਦੇਸ਼ਾਂ ਦੀ ਮਦਦ ਕਰਨ ਦੇ ਨਾਲ ਨਾਲ ਵਿੱਤੀ ਸਥਿਰਤਾ ਨੂੰ ਬਰਕਰਾਰ ਰੱਖਣਾ ਹੋਵੇਗੀ। ਇਸ ਦੇ ਨਾਲ ਹੀ ਲਿਕੁਇਡਿਟੀ ਦੇ ਪਸਾਰ ਨੂੰ ਵੀ ਤਰਜੀਹ ਦਿੱਤੀ ਜਾਵੇਗੀ।

ਇਸ ਤੋਂ ਇਲਾਵਾ ਅਗਲੇ ਮਹੀਨੇ ਨਾਰਵੇਅ ਤੇ ਆਇਰਲੈਂਡ ਵਰਗੇ ਭਾਗੀਦਾਰਾਂ ਨਾਲ ਸੰਯੁਕਤ ਰਾਸ਼ਟਰ ਦੀ ਸਕਿਊਰਿਟੀ ਕਾਊਂਸਲ ਵਿੱਚ ਸੀਟ ਹਾਸਲ ਕਰਨ ਲਈ ਮੁਕਾਬਲੇ ਵਿੱਚ ਨਿੱਤਰਨ ਤੋਂ ਪਹਿਲਾਂ ਕੈਨੇਡਾ ਲਈ ਆਧਾਰ ਮਜ਼ਬੂਤ ਕਰਨ ਦੀ ਕੋਸ਼ਿਸ਼ ਵੀ ਇਸ ਕਾਨਫਰੰਸ ਦੌਰਾਨ ਕੀਤੀ ਜਾਵੇਗੀ। ਟਰੂਡੋ ਨੇ ਵੀਰਵਾਰ ਨੂੰ ਹੋਣ ਜਾ ਰਹੀ ਇਸ ਕਾਨਫਰੰਸ ਲਈ ਆਪਣੇ ਫਰੈਂਚ, ਜਰਮਨ ਤੇ ਹੋਰ ਕੈਰੇਬੀਆਈ ਦੇਸ਼ਾਂ ਦੇ ਹਮਰੁਤਬਾ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਹੈ। ਸੰਯੁਕਤ ਰਾਸ਼ਟਰ ਵੱਲੋਂ ਅਗਲੇ ਮਹੀਨੇ ਇਸ ਬਾਰੇ ਵੋਟ ਕਰਵਾਈ ਜਾਵੇਗੀ।

# ਭਾਰਤ ਵਿੱਚ ਊਬਰ ਨੇ ਕੀਤੀ 600 ਵਰਕਰਜ਼ ਦੀ ਛੁੱਟੀ




ਨਵੀਂ ਦਿਲੀ, 26 ਮਈ (ਪੋਸਟ ਬਿਊਰੋ) : ਊਬਰ ਵੱਲੋਂ ਮੰਗਲਵਾਰ ਨੂੰ ਇਹ ਐਲਾਨ ਕੀਤਾ ਗਿਆ ਹੈ ਕਿ ਉਹ ਭਾਰਤ ਵਿੱਚ 600 ਨੌਕਰੀਆਂ ਵਿੱਚ ਕਟੌਤੀ ਕਰ ਰਿਹਾ ਹੈ। ਭਾਰਤ ਵਿੱਚ ਇਹ ਊਬਰ ਦਾ 25 ਫੀ ਸਦੀ ਬਣਦਾ ਹੈ।

ਕੰਪਨੀ ਲਈ ਡਰਾਈਵਰ ਤੇ ਰਾਈਡਰ ਸਪੋਰਟ ਤੋਂ ਇਲਾਵਾ ਕਈ ਹੋਰਨਾਂ ਤਰ੍ਹਾਂ ਦੇ ਕੰਮ ਕਰਨ ਵਾਲੇ ਵਿਅਕਤੀ ਇਸ ਨਾਲ ਪ੍ਰਭਾਵਿਤ ਹੋਣਗੇ। ਭਾਰਤ ਤੇ ਸਾਊਥ ਏਸ਼ੀਆ ਲਈ ਊਬਰ ਦੇ ਪ੍ਰੈਜ਼ੀਡੈਂਟ ਪ੍ਰਦੀਪ ਪਰਮੇਸ਼ਵਰਨ ਨੇ ਇਸ ਨੂੰ ਕੰਪਨੀ ਲਈ ਬੁਰਾ ਦਿਨ ਦੱਸਦਿਆਂ ਕੰਮ ਤੋਂ ਕੱਢੇ ਜਾ ਰਹੇ ਕਰਮਚਾਰੀਆਂ ਤੋਂ ਮੁਆਫੀ ਮੰਗੀ। ਉਨ੍ਹਾਂ ਆਖਿਆ ਕਿ ਊਬਰ 10 ਹਫਤੇ ਦੀ ਪੇਅ ਦੇ ਨਾਲ ਨਾਲ ਪ੍ਰਭਾਵਿਤ ਸਟਾਫ ਨੂੰ ਛੇ ਮਹੀਨਿਆਂ ਦੀ ਮੈਡੀਕਲ ਇੰਸ਼ੋਰੈਂਸ ਵੀ ਦੇਵੇਗੀ।

ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਊਬਰ ਵੱਲੋਂ ਇਨ੍ਹਾਂ ਛਾਂਗੀਆਂ ਦਾ ਐਲਾਨ ਕੀਤਾ ਗਿਆ ਸੀ। ਕੰਪਨੀ ਮਹਾਂਮਾਰੀ ਕਾਰਨ ਪੂਰੇ ਸਟਾਫ ਵਿੱਚੋਂ 6700 ਕਰਮਚਾਰੀਆਂ ਦੀ ਛਾਂਗੀ ਕਰਨ ਜਾ ਰਹੀ ਹੈ। ਇਸ ਮਹੀਨੇ ਦੇ ਸ਼ੁਰੂ ਵਿੱਚ ਭਾਰਤ ਦੇ 50 ਸ਼ਹਿਰਾਂ ਵਿੱਚ ਊਬਰ ਵੱਲੋਂ ਆਪਣੀਆਂ ਸੇਵਾਵਾਂ ਜਾਰੀ ਰੱਖੀਆਂ ਗਈਆਂ ਸਨ ਪਰ ਦੇਸ਼ ਦਾ ਬਹੁਤਾ ਹਿੱਸਾ ਲਾਕਡਾਊਨ ਵਿੱਚ ਹੋਣ ਕਾਰਨ ਊਬਰ ਨੂੰ ਇਹ ਫੈਸਲਾ ਲੈਣਾ ਪੈ ਰਿਹਾ ਹੈ।

# ਨਸ਼ੇੜੀ ਨੇ ਗਲ਼ਾ ਘੁੱਟ ਕੇ ਪਿਓ ਦਾ ਕਤਲ ਕਰ ਛੱਡਿਆ



ਸ੍ਰੀ ਮੁਕਤਸਰ ਸਾਹਿਬ, 26 ਮਈ (ਪੋਸਟ ਬਿਊਰੋ)- ਜ਼ਿਲੇ ਦੇ ਪਿੰਡ ਝੁੱਗੇ ਰਣਜੀਤਗੜ੍ਹ ਵਿੱਚ ਪੁੱਤਰ ਨੇ ਗਲ਼ਾ ਘੁੱਟ ਕੇ ਪਿਓ ਦਾ ਕਤਲ ਕਰ ਦਿੱਤਾ ਹੈ। ਪੁਲਸ ਨੇ ਦੋਸ਼ੀ ਦੇ ਭਰਾ ਦੇ ਬਿਆਨਾਂ 'ਤੇ ਕੇਸ ਦਰਜ ਕਰ ਲਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਪਿੰਡ ਝੁੱਗੇ ਰਣਜੀਤਗੜ੍ਹ ਦਾ ਜਗਤਾਰ ਸਿੰਘ (60) ਮਜ਼ਦੂਰੀ ਕਰਦਾ ਸੀ ਤੇ ਉਸ ਦੇ ਦੋ ਬੇਟੇ ਅਤੇ ਇੱਕ ਬੇਟੀ ਹੈ, ਜੋ ਵਿਆਹੇ ਹੋਏ ਹਨ। ਜਗਤਾਰ ਸਿੰਘ ਦਾ ਛੋਟਾ ਬੇਟਾ ਬਲਵੰਤ ਸਿੰਘ ਨਸ਼ੇ ਦਾ ਆਦੀ ਹੈ, ਜਿਸ ਕਾਰਨ ਘਰ ਵਿੱਚ ਕਲੇਸ਼ ਰਹਿੰਦਾ ਸੀ ਤੇ ਬਲਵੰਤ ਸਿੰਘ ਉਰਫ ਬਿੱਟੂ ਦੀ ਪਤਨੀ ਉਸ ਤੋਂ ਤੰਗ ਆ ਕੇ ਪੇਕੇ ਰਹਿਣ ਲੱਗ ਪਈ ਹੈ। ਐਤਵਾਰ ਰਾਤ ਕਰੀਬ ਅੱਠ ਵਜੇ ਬਲਵੰਤ ਸਿੰਘ ਆਪਣੇ ਪਿਤਾ ਜਗਤਾਰ ਸਿੰਘ ਤੋਂ ਨਸ਼ੇ ਦੀ ਪੂਰਤੀ ਲਈ ਪੈਸਿਆਂ ਦੀ ਮੰਗ ਕਰਨ ਲੱਗਾ। ਇਸ ਦੌਰਾਨ ਦੋਵਾਂ ਦਾ ਝਗੜਾ ਇਥੋਂ ਤੱਕ ਵੱਧ ਗਿਆ ਕਿ ਨਸ਼ੇੜੀ ਪੁੱਤ ਨੇ ਪਿਓ ਦਾ ਗਲ਼ਾ ਘੁੱਟ ਦਿੱਤਾ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਇਸ ਬਾਰੇ ਥਾਣਾ ਸਦਰ ਪੁਲਸ ਨੇ ਜਗਤਾਰ ਸਿੰਘ ਦੇ ਵੱਡੇ ਪੁੱਤਰ ਕੁਲਵੰਤ ਸਿੰਘ ਦੇ ਬਿਆਨਾਂ 'ਤੇ ਕੇਸ ਦਰਜ ਕਰ ਲਿਆ ਹੈ।




# ਓਨਟਾਰੀਓ ਵਿੱਚ ਕੋਵਿਡ-19 ਦੇ 287 ਨਵੇਂ ਮਾਮਲਿਆਂ ਦੀ ਪੁਸ਼ਟੀ




ਓਨਟਾਰੀਓ, 26 ਮਈ (ਪੋਸਟ ਬਿਊਰੋ) : ਮੰਗਲਵਾਰ ਨੂੰ ਓਨਟਾਰੀਓ ਵਿੱਚ ਕੋਵਿਡ-19 ਦੇ 287 ਨਵੇਂ ਮਾਮਲੇ ਪਾਏ ਗਏ। ਦੋ ਹਫਤਿਆਂ ਵਿੱਚ ਅਜਿਹਾ ਪਹਿਲੀ ਵਾਰੀ ਹੋਇਆ ਹੈ ਕਿ ਨਵੇਂ ਕੇਸਾਂ ਦੀ ਗਿਣਤੀ 300 ਤੋਂ ਘੱਟ ਦਰਜ ਕੀਤੀ ਗਈ ਹੋਵੇ।

ਇਸ ਤੋਂ ਪਹਿਲੇ ਪੰਜ ਦਿਨ ਰੋਜ਼ਾਨਾ 400 ਤੋਂ ਵੱਧ ਨਵੇਂ ਮਾਮਲੇ ਮਿਲਦੇ ਰਹੇ ਹਨ। ਮਰਨ ਵਾਲਿਆਂ ਦੀ ਗਿਣਤੀ 21 ਰਹੀ ਤੇ ਇਸ ਨਾਲ ਪ੍ਰੋਵਿੰਸ ਵਿੱਚ ਕੋਵਿਡ-19 ਨਾਲ ਹੋਈਆਂ ਮੌਤਾਂ ਦੀ ਗਿਣਤੀ 2,123 ਤੱਕ ਅੱਪੜ ਗਈ ਹੈ। ਪਬਲਿਕ ਹੈਲਥ ਓਨਟਾਰੀਓ ਦੀ ਰਿਪੋਰਟ ਮੁਤਾਬਕ ਕੁਲ ਮੌਤਾਂ ਵਿੱਚੋਂ 1335 ਲਾਂਗ ਟਰਮ ਕੇਅਰ ਹੋਮਜ਼ ਵਿੱਚ ਹੋਈਆਂ ਹਨ। ਪਰ ਲਾਂਗ ਟਰਮ ਕੇਅਰ ਮੰਤਰਾਲੇ ਦੀ ਰਿਪੋਰਟ ਮੁਤਾਬਕ ਇਨ੍ਹਾਂ ਲਾਂਗ ਟਰਮ ਕੇਅਰ ਹੋਮਜ਼ ਵਿੱਚ ਮਰਨ ਵਾਲਿਆਂ ਦੀ ਕੁੱਲ ਗਿਣਤੀ 1538 ਹੈ।

ਇਸ ਸਮੇਂ ਪ੍ਰੋਵਿੰਸ ਵਿੱਚ ਕੋਵਿਡ-19 ਦੇ ਕੁੱਲ 26,191 ਮਾਮਲੇ ਹਨ। ਇਨ੍ਹਾਂ ਵਿੱਚੋਂ 76.2 ਫੀ ਸਦੀ ਮਰੀਜ਼ ਸਿਹਤਯਾਬ ਹੋ ਚੁੱਕੇ ਹਨ।




# ਟੋਰਾਂਟੋ ਵਿੱਚ ਦਿਨ-ਦਿਹਾੜੇ ਗੋਲੀ ਮਾਰ ਕੇ 16 ਸਾਲਾ ਲੜਕੇ ਦਾ ਕਤਲ, 2 ਹੋਰ ਜ਼ਖ਼ਮੀ

...ਪੰਨਾ 1 ਦਾ ਬਾਕੀ

ਚੀਫ ਸਾਂਡਰਸ ਨੇ ਦੱਸਿਆ ਕਿ ਮਸ਼ਕੂਕ ਦੀ ਗੱਡੀ ਦੀ ਪਛਾਣ ਨੀਲੀ ਟਾਇਗੁਆਨ ਵਜੋਂ ਕੀਤੀ ਗਈ ਹੈ।

ਇਸ ਗੱਡੀ, ਜੋ ਕਿ ਉੱਤਰ ਵੱਲ ਮੂੰਹ ਕਰਕੇ ਖੜ੍ਹਾਈ ਗਈ ਸੀ, ਨੇ ਇਨ੍ਹਾਂ ਟੀਨੇਜਰਜ਼ ਦੇ ਪਹੁੰਚਣ ਤੋਂ ਪਹਿਲਾਂ 40 ਮਿੰਟ ਤੱਕ ਉਡੀਕ ਕੀਤੀ। ਜਦੋਂ ਹੀ ਇਸ ਗੋਲੀਕਾਂਡ ਦਾ ਸ਼ਿਕਾਰ ਹੋਏ ਲੜਕੇ ਦੂਜੀ ਗੱਡੀ ਵਿੱਚ ਬੈਠਣ ਲੱਗੇ ਤਾਂ ਪਹਿਲਾਂ ਤੋਂ ਹੀ ਨੀਲੀ ਟਾਇਗੁਆਨ ਵਿੱਚ ਉਡੀਕ ਕਰ ਰਹੇ ਮਸ਼ਕੂਕ ਨੇ ਯੂ ਟਰਨ ਲਿਆ ਤੇ ਉਸ ਗੱਡੀ ਉੱਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਹ ਲੜਕੇ ਦੱਖਣ ਵੱਲ ਭੱਜ ਗਏ ਤੇ ਮਸ਼ਕੂਕ ਨੇ ਗੋਲੀਆਂ ਚਲਾਉਂਦਿਆਂ ਚਲਾਉਂਦਿਆਂ ਹੀ ਉਨ੍ਹਾਂ ਦਾ ਪਿੱਛਾ ਕੀਤਾ। ਫਿਰ ਮਸ਼ਕੂਕ ਆਪਣੀ ਟਾਇਗੁਆਨ ਵਿੱਚ ਆ ਬੈਠਿਆ ਤੇ ਦੱਖਣ ਵੱਲ ਪੀਟਰ ਸਟਰੀਟ, ਫਿਰ ਫਰੰਟ ਸਟਰੀਟ ਵਿੱਚ ਪੱਛਮ ਵੱਲ ਤੇ ਫਿਰ ਸਪੈਡਿਨਾ ਐਵਨਿਊ ਉੱਤੇ ਉੱਤਰ ਵੱਲ ਚਲਾ ਗਿਆ।

ਦੂਜੀ ਗੱਡੀ ਵੀ ਮੌਕੇ ਤੋਂ ਚਲੀ ਗਈ ਤੇ ਪੁਲਿਸ ਦੋਵਾਂ ਦੀ ਤਲਾਸ਼ ਕਰ ਰਹੀ ਹੈ। ਇਹ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ ਕਿ ਦੋਵਾਂ ਗੱਡੀਆਂ ਅੰਦਰ ਕਿੰਨੇ ਲੋਕ ਸਨ। ਮਾਮਲੇ ਦੀ ਜਾਂਚ ਹੋਮੀਸਾਈਡ ਸਕੁਐਡ ਵੱਲੋਂ ਕੀਤੀ ਜਾ ਰਹੀ ਹੈ।









## ਅੱਜ ਨਾਮਾ

ਡਰਾਵੇ ਵਾਂਗ ਹੈ ਆਖਿਆ ਡਾਕਟਰਾਂ ਨੇ,
ਹਮਲਾ ਨਵਾਂ ਕੋਰੋਨਾ ਕੋਈ ਕਰ ਸਕਦੈ।
ਨਵਾਂ ਰੂਪ ਕੁਝ ਉੱਭਰਦਾ ਪਿਆ ਉਹਦਾ,
ਉਹਦੇ ਜ਼ਿਕਰ ਤੋਂ ਵੀ ਬੰਦਾ ਡਰ ਸਕਦੈ।
ਪਹਿਲੇ ਧਾਵੇ ਦੇ ਨਾਲ ਤਾਂ ਹਾਰਿਆ ਨਾ,
ਅਗਲਾ ਧਾਵਾ ਨਾ ਸੌਖਿਆਂ ਜਰ ਸਕਦੈ।
ਬੰਨ੍ਹਣਾ ਪਊ ਕੋਈ ਬਾਨ੍ਹਣੂੰ ਸਮਾਂ ਰਹਿੰਦੇ,
ਢਿੱਲੇ ਪਿਆਂ ਤਾਂ ਕੰਮ ਨਹੀਂ ਸਰ ਸਕਦੈ।
ਜੇ ਤਾਂ ਲੋਕਾਂ ਦੇ ਸਮਝ ਕੁਝ ਗੱਲ ਆਈ,
ਫਿਰ ਤਾਂ ਹਮਲਾ ਪਛਾੜਿਆ ਜਾ ਸਕਦੈ।
ਨਹੀਂ ਤਾਂ ਧਾੜ ਕੋਰੋਨਾ ਦੀ ਚੜ੍ਹੀ ਆਵੇ,
ਜੜ੍ਹੋਂ ਸਭ ਬਾਗ ਉਖਾੜਿਆ ਜਾ ਸਕਦੈ।

**ਤੀਸ ਮਾਰ ਖਾਂ**

# ਭਾਰਤ-ਚੀਨ ਤਨਾਅ ਵਧਿਆ: ਪ੍ਰਧਾਨ ਮੰਤਰੀ ਮੋਦੀ ਵੱਲੋਂ ਚੀਨ ਬਾਰੇ ਸੁਰੱਖਿਆ ਸਲਾਹਕਾਰ ਅਤੇ ਫੌਜੀ ਕਮਾਂਡਰ ਨਾਲ ਬੈਠਕ

### * ਚੀਨੀ ਰਾਸ਼ਟਰਪਤੀ ਵੱਲੋਂ ਫੌਜੀ ਸਥਿਤੀ ਪੱਕੀ ਕਰਨ ਦੇ ਹੁਕਮ ਜਾਰੀ



ਨਵੀਂ ਦਿੱਲੀ, 26 ਮਈ, (ਪੋਸਟ ਬਿਊਰੋ)- ਭਾਰਤ-ਚੀਨ ਵਿਚਾਲੇ ਅਸਲੀ ਕੰਟਰੋਲ ਰੇਖਾ ਉੱਤੇ ਹਾਲਾਤ ਅਚਾਨਕ ਕਾਫੀ ਤਲਖੀ ਵਾਲੇ ਬਣਨ ਲੱਗ ਪਏ ਹਨ ਅਤੇ ਦੋਵੇਂ ਪਾਸੇ ਸਰਗਰਮੀ ਤੇਜ਼ ਹੋਈ ਦਿੱਸਦੀ ਹੈ। ਲੱਦਾਖ ਨਾਲ ਜੁੜਦੀ ਚੀਨ ਵਾਲੀ ਅਸਲੀ ਕੰਟਰੋਲ ਰੇਖਾ ਸਰਹੱਦ ਉੱਤੇ ਚੀਨ ਨਾਲ ਪਿਛਲੇ ਕੁਝ ਦਿਨਾਂ ਤੋਂ ਚੱਲ ਰਹੇ ਵਿਵਾਦ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਤੇ ਚੀਫ ਆਫ ਡਿਫੈਂਸ ਸਟਾਫ ਜਨਰਲ ਬਿਪਿਨ ਰਾਵਤ ਨਾਲ ਇੱਕ ਹਾਈ ਲੈਵਲ ਮੀਟਿੰਗ ਕੀਤੀ ਹੈ, ਜਿਸ ਤੋਂ ਪਹਿਲਾਂ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਭਾਰਤੀ ਫੌਜਾਂ ਦੇ ਸਾਂਝੇ ਮੁਖੀ ਜਨਰਲ ਬਿਪਨ ਰਾਵਤ ਦੇ ਨਾਲ ਤਿੰਨਾਂ ਫੌਜਾਂ, ਜ਼ਮੀਨੀ ਫੌਜ, ਹਵਾਈ ਫੌਜ ਅਤੇ ਸਮੁੰਦਰੀ ਫੌਜ ਦੇ ਕਮਾਂਡਰਾਂ ਨਾਲ ਬੈਠਕ ਵਿਚ ਲੱਦਾਖ ਨਾਲ ਜੁੜਦੀ ਚੀਨ ਸਰਹੱਦੀ ਸੁਰੱਖਿਆ ਦੀ ਸਥਿਤੀ ਦੀ ਸਮੀਖਿਆ ਕੀਤੀ ਸੀ।

ਉੱਚ ਪੱਧਰੀ ਸੂਤਰਾਂ ਅਨੁਸਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਜੀਤ ਡੋਭਾਲ, ਜਨਰਲ ਬਿਪਨ ਰਾਵਤ ਅਤੇ ਤਿੰਨਾਂ ਫੌਜਾਂ ਦੇ ਮੁਖੀਆਂ ਤੋਂ ਬੀਤੇ ਕੁਝ ਦਿਨਾਂ ਤੋਂ ਲੱਦਾਖ ਨਾਲ ਜੁੜਦੀ ਚੀਨੀ ਸਰਹੱਦ ਉੱਤੇ ਭਾਰਤ-ਚੀਨ ਫੌਜਾਂ ਵਿਚਾਲੇ ਤਣਾਅ ਵਧਣ ਤੇ ਇਸ ਬਾਰੇ ਫੌਜ ਦੇ ਰੁਖ ਬਾਰੇ ਪਤਾ ਕੀਤਾ ਹੈ। ਇਹ ਦੋਵੇਂ ਬੈਠਕਾਂ ਭਾਰਤ ਦੇ ਸਿਖਰਲੇ ਫੌਜੀ ਕਮਾਂਡਰਾਂ ਦੇ ਬੁੱਧਵਾਰ ਸ਼ੁਰੂ ਹੋ ਰਹੇ ਤਿੰਨ ਦਿਨਾਂ ਸਮਾਗਮ ਤੋਂ ਪਹਿਲਾਂ ਹੋਈਆਂ ਹਨ। ਹਾਲੇ ਦੋ ਦਿਨ ਪਹਿਲਾਂ ਲੇਹ ਵਾਲੇ ਬਾਰਡਰ ਦਾ ਦੌਰਾ ਕਰ ਕੇ ਆਏ ਫੌਜ ਦੇ ਮੁਖੀ ਜਨਰਲ ਮਨੋਜ ਮੁਕੰਦ ਨਰਵਣੇ ਨੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੂੰ ਅਸਲ ਕੰਟਰੋਲ ਲਾਈਨ ਉੱਤੇ ਤਾਜ਼ਾ ਹਾਲਾਤ ਬਾਰੇ ਦੱਸਿਆ ਹੈ। ਰਾਜਨਾਥ ਸਿੰਘ ਨੇ ਫੌਜ ਵੱਲੋਂ ਚੁੱਕੇ ਕਦਮਾਂ ਅਤੇ ਹਾਲਾਤ ਨਾਲ ਨਿਪਟਣ ਲਈ ਕੀਤੀਆਂ ਜਾ ਰਹੀਆਂ ਤਿਆਰੀਆਂ ਦੀ ਵੀ ਜਾਣਕਾਰੀ ਲਈ ਹੈ।

ਵਰਨਣ ਯੋਗ ਹੈ ਕਿ ਭਾਰਤ-ਚੀਨ ਦੋਵਾਂ ਦੀਆਂ ਫੌਜਾਂ ਵਿਚਾਲੇ ਬੀਤੀ 5 ਅਤੇ 6 ਮਈ ਨੂੰ ਪੇਗਾਂਗ ਝੀਲ ਖੇਤਰ ਦੇ ਖੇਤਰ ਵਿੱਚ ਹੋਈ ਇੱਕ ਝੜਪ ਪਿੱਛੋਂ ਦੋਵੇਂ ਪਾਸਿਆਂ ਦੇ ਫੌਜੀ ਅਧਿਕਾਰੀਆਂ ਦੀਆਂ ਕਰੀਬ ਪੰਜ ਫਲੈਗ ਬੈਠਕਾਂ ਹੋਈਆਂ ਹਨ, ਪਰ ਹਾਲਤ ਨਹੀਂ ਸੁਧਰੇ। ਇਸ ਦੌਰਾਨ ਦੋਵਾਂ ਦੇਸ਼ਾਂ ਦੇ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਦਾ ਆਪੋ ਵਿੱਚ ਸੰਪਰਕ ਕਾਇਮ ਹੈ, ਪਰ ਹਾਲੇ ਤੱਕ ਦੋਵਾਂ ਧਿਰਾਂ ਵਿੱਚ ਕੋਈ ਸਹਿਮਤੀ ਨਹੀਂ ਬਣ ਸਕੀ। ਦੌਲਤ ਬੇਗ ਓਲਡੀ ਖੇਤਰ ਵਿਚ ਭਾਰਤ ਵੱਲੋਂ ਬਣਾਈ ਜਾ ਰਹੀ ਸੜਕ ਦਾ ਚੀਨ ਵਿਰੋਧ ਕਰ ਰਿਹਾ ਹੈ। ਭਾਰਤ ਦਾ ਸਪੱਸ਼ਟ ਕਹਿਣਾ ਹੈ ਕਿ ਇਹ ਸੜਕ ਸਾਡੀ ਆਪਣੀ ਸਰਹੱਦ ਦੇ ਅੰਦਰ ਹੈ ਅਤੇ ਚੀਨ ਨੂੰ ਇਸ ਉੱਤੇ ਇਤਰਾਜ਼ ਨਹੀਂ ਹੋਣਾ ਚਾਹੀਦਾ ਹੈ।

ਦੂਸਰੇ ਪਾਸ ਚੀਨ ਸਰਕਾਰ ਨੇ ਵੀ ਭਾਰਤ ਨਾਲ ਸਰਹੱਦੀ ਵਿਵਾਦ ਦੌਰਾਨ ਹਰ ਪੱਖ ਦੀ ਸਰਗਰਮੀ ਵਧਾ ਦਿੱਤੀ ਹੈ। ਅੱਜ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਦੇਸ਼ ਦੀਆਂ ਫੋਰਸਾਂ ਨੂੰ ਫੌਜੀ ਟ੍ਰੇਨਿੰਗ ਮਜ਼ਬੂਤ ਕਰਨ ਦਾ ਨਵਾਂ ਹੁਕਮ ਦਿੱਤਾ ਹੈ। ਚੀਨੀ ਮੀਡੀਆ ਦੇ ਹਵਾਲੇ ਨਾਲ ਖਬਰ ਹੈ ਕਿ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਕਹਿ ਦਿੱਤਾ ਹੈ ਕਿ ਉਨ੍ਹਾਂ ਦਾ ਤਨਾਅ ਸਿਰਫ ਭਾਰਤ ਨਾਲ ਨਹੀਂ, ਇਸ ਵੇਲੇ ਅਮਰੀਕਾ ਨਾਲ ਵੀ ਵਧਿਆ ਪਿਆ ਹੈ। ਦੋ ਦਿਨ ਪਹਿਲਾਂ ਚੀਨੀ ਵਿਦੇਸ਼ ਮੰਤਰੀ ਨੇ ਇਹ ਕਿਹਾ ਸੀ ਕਿ ਅਮਰੀਕਾ ਸਾਡੇ ਖਿਲਾਫ ਫਿਰ ਕੋਲਡ-ਵਾਰ ਛੇੜਨ ਲੱਗਾ ਹੋਇਆ ਹੈ ਤੇ ਆਸਟਰੇਲੀਆ ਨੂੰ ਵੀ ਚੀਨ ਨੇ ਇਹ ਧਮਕੀ ਦੇ ਦਿੱਤੀ ਹੈ ਕਿ ਉਹ ਅਮਰੀਕਾ ਨਾਲ ਤਨਾਅ ਤੋਂ ਪਾਸੇ ਰਹੇ।

## ਡਬਲਯੂ ਐੱਚ ਓ ਨੇ ਹਾਈਡ੍ਰਾਕਸੀਕਲੋਰੋਕਵੀਨ ਦਾ ਟਰਾਇਲ ਰੋਕਿਆ

ਜੈਨੇਵਾ, 26 ਮਈ (ਪੋਸਟ ਬਿਊਰੋ)- ਵਿਸ਼ਵ ਸਿਹਤ ਸੰਗਠਨ (ਡਬਲਯੂ ਐੱਚ ਓ) ਨੇ ਕੋਰੋਨਾ ਵਾਇਰਸ ਪੀੜਤਾਂ ਉੱਤੇ ਹਾਈਡ੍ਰਾਕਸੀਕਲੋਰੋਕਵੀਨ ਦਾ ਟਰਾਇਲ ਵਕਤੀ ਤੌਰ 'ਤੇ ਰੋਕ ਦਿੱਤਾ ਹੈ। ਇਸ ਬਾਰੇ ਡਬਲਯੂ ਐੱਚ ਓ ਦਾ ਕਹਿਣਾ ਹੈ ਕਿ ਸੁਰੱਖਿਆ ਚਿੰਤਾਵਾਂ ਨਾਲ ਜੁੜੇ ਡੇਟਾ ਦਾ ਅਧਿਐਨ ਜ਼ਰੂਰੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਸਟੀਅਰਿੰਗ ਨੇ ਜਾਂਚ ਲਈ ਨਵੇਂ ਲੋਕਾਂ ਨੂੰ ਐਨਰੋਲ ਕਰਨ 'ਤੇ ਰੋਕ ਲਾ ਦਿੱਤੀ ਹੈ।

ਮੈਡੀਕਲ ਜਰਨਲ ਲੈਂਸੇਟ ਨੇ ਹਾਲ ਹੀ ਵਿੱਚ ਇੱਕ ਸਰਵੇ ਵਿੱਚ ਦਾਅਵਾ ਕੀਤਾ ਸੀ ਕਿ ਹਾਈਡ੍ਰੋਕਸੀਕਲੋਰੋਕਵੀਨ ਦੀ ਵੱਧ ਵਰਤੋਂ ਨਾਲ ਮੌਤ ਅਤੇ ਦਿਲ ਦੀਆਂ ਬਿਮਾਰੀਆਂ ਦਾ ਖਤਰਾ ਹੈ। ਇਸ ਤੋਂ ਪਹਿਲਾਂ ਅਮਰੀਕੀ ਸਰਕਾਰ ਦੇ ਮਾਹਰਾਂ ਨੇ ਵੀ ਕਿਹਾ ਸੀ ਕਿ ਹਾਈਡ੍ਰੋਕਸੀਕਲੋਰੋਕਵੀਨ ਕੋਰੋਨਾ ਵਾਇਰਸ ਦੀ ਇਨਫੈਕਸ਼ਨ ਦੇ ਇਲਾਜ ਵਿੱਚ ਕਾਰਗਰ ਨਹੀਂ ਹੈ। ਡਬਲਯੂ ਐੱਚ ਓ ਦੀ ਪ੍ਰਮੁੱਖ ਸਾਇੰਟਿਸਟ ਸੌਮਿਆ ਸਵਾਮੀਨਾਥਨ ਨੇ ਕਿਹਾ, ਹਾਈਡ੍ਰੋਕਸੀਕਲੋਰੋਕਵੀਨ ਦੇ ਸੁਰੱਖਿਅਤ ਅਤੇ ਪ੍ਰਭਾਵੀ ਹੋਣ ਦੇ ਸਬੂਤ ਇਕੱਠੇ ਕਰਦਾ ਰਹਿਣਾ ਖਾਸ ਗੱਲ ਹੈ। ਜੇ ਇਹ ਸੁਰੱਖਿਅਤ ਹੈ, ਮੌਤਾਂ ਘੱਟ ਕਰਦੀ ਹੈ ਅਤੇ ਇਸ ਦੇ ਕਾਰਨ ਮਰੀਜ਼ਾਂ ਨੂੰ ਘੱਟ ਸਮਾਂ ਹਸਪਤਾਲ ਵਿੱਚ ਰਹਿਣਾ ਪਏ ਤਾਂ ਅਸੀਂ ਇਸ ਨੂੰ ਇਸਤੇਮਾਲ ਕਰਨਾ ਚਾਹਾਂਗੇ।

ਡਬਲਯੂ ਐੱਚ ਓ ਦੇ ਹੈਲਥ ਐਮਰਜੈਂਸੀ ਪ੍ਰੋਗਰਾਮ ਦੇ ਮੁਖੀ ਮਾਈਕ ਰੇਆਨ ਨੇ ਕਿਹਾ ਕਿ ਜੇ ਜ਼ਰੂਰੀ ਡਾਟਾ ਮਿਲ ਗਿਆ ਤਾਂ ਸਰਵੇ ਦੋਬਾਰਾ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਜੇ ਤੱਕ ਦੇ ਟਰਾਇਲ ਵਿੱਚ ਕਿਸੇ ਸਮੱਸਿਆ ਦੇ ਸੰਕੇਤ ਨਹੀਂ ਮਿਲੇ। ਇਹ ਫੈਸਲਾ ਸਿਰਫ ਸਾਵਧਾਨੀ ਵਜੋਂ ਕੀਤਾ ਗਿਆ ਹੈ। ਸੇਫਟੀ ਮਾਨੀਟ੍ਰਿੰਗ ਬੋਰਡ ਇੱਕ-ਦੋ ਹਫਤੇ ਵਿੱਚ ਇਸ ਫੈਸਲੇ ਦੀ ਸਮੀਖਿਆ ਕਰੇਗਾ। ਕੋਰੋਨਾ ਦਾ ਟੀਕਾ ਬਣਨ ਵਿੱਚ ਸਮਾਂ ਲੱਗ ਸਕਦਾ ਹੈ।

## ਅਮਰੀਕਾ ਵਿੱਚ ਕੋਰੋਨਾ ਨਾਲ ਮੌਤਾਂ ਦੀ ਕੁੱਲ ਗਿਣਤੀ ਇੱਕ ਲੱਖ ਤੋਂ ਟੱਪੀ



ਵਾਸ਼ਿੰਗਟਨ, 27 ਮਈ, (ਪੋਸਟ ਬਿਊਰੋ)- ਸੰਸਾਰ ਮਹਾਮਾਰੀ ਕੋਰੋਨਾ ਵਾਇਰਸ ਦੇ ਨਾਲ ਅਮਰੀਕਾ ਵਿਚ ਮੌਤਾਂ ਦੀ ਕੁੱਲ ਗਿਣਤੀ ਮੰਗਲਵਾਰ ਰਾਤ ਤੱਕ ਇੱਕ ਲੱਖ ਵਾਲੀ ਲਕੀਰ ਵੀ ਟੱਪ ਗਈ ਹੈ। ਇਸ ਦੌਰਾਨ ਬੀਤੇ 33 ਦਿਨਾਂ ਵਿਚ ਹੀ ਇਸ ਦੇਸ਼ ਵਿਚ ਇਸ ਬੀਮਾਰੀ ਨਾਲ 50 ਹਜ਼ਾਰ ਮੌਤਾਂ ਹੋਈਆਂ ਹਨ।

ਵਰਨਣ ਯੋਗ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬਹੁਤ ਪਹਿਲਾਂ ਇਕ ਨਿਊਜ਼ ਏਜੰਸੀ ਨਾਲ ਗੱਲਬਾਤ ਦੌਰਾਨ ਕਹਿ ਦਿੱਤਾ ਸੀ ਕਿ ਅਮਰੀਕਾ ਵਿਚ 80 ਹਜ਼ਾਰ ਤੋਂ ਇੱਕ ਲੱਖ ਤੱਕ ਲੋਕਾਂ ਦੀ ਮੌਤ ਹੋ ਸਕਦੀ ਹੈ, ਪਰ ਅੱਜ ਜਦੋਂ ਓਥੇ ਮ੍ਰਿਤਕਾਂ ਦੀ ਗਿਣਤੀ ਇਕ ਲੱਖ ਤੋਂ ਪਾਰ ਕਰ ਚੁੱਕੀ ਹੈ ਤਾਂ ਹਾਲੇ ਵੀ ਇਸ ਨੂੰ ਠੱਲ੍ਹ ਪੈਂਦੀ ਦਿਖਾਈ ਨਹੀਂ ਦੇਂਦੀ ਅਤੇ ਕਹਿਰ ਲਗਾਤਾਰ ਵਧਦਾ ਜਾ ਰਿਹਾ ਹੈ। ਭਾਰਤ ਵਿੱਚ ਬੁੱਧਵਾਰ ਦੀ ਸਵੇਰ ਹੋਣ ਤੱਕ ਅਮਰੀਕਾ ਦੇ ਕੁੱਲ ਕੇਸਾਂ ਦੀ ਗਿਣਤੀ 17,25,196 ਹੋ ਚੁੱਕੀ ਹੈ ਅਤੇ ਕੁੱਲ ਮੌਤਾਂ ਦੀ ਗਿਣਤੀ 1,00,541 ਰਿਕ-ਾਰਡ ਕੀਤੀ ਗਈ ਹੈ। ਇਸ ਦੇਸ਼ ਵਿੱਚ ਸਿਰਫ ਨਿਊ ਯਾਰਕ ਰਾਜ ਵਿੱਚ ਮੌਤਾਂ ਦੀ ਗਿਣਤੀ ਇਸ ਦੌਰਾਨ 29,416 ਤੇ ਨਿਊ ਜਰਸੀ ਰਾਜ ਵਿੱਚ 11,197 ਹੋ ਚੁੱਕੀ ਹੈ ਅਤੇ ਕਈ ਹੋਰ ਰਾਜਾਂ ਵਿੱਚ ਵੀ ਮੌਤਾਂ ਦੀ ਲੜੀ ਟੁੱਟਣ ਦਾ ਨਾਂਅ ਨਹੀਂ ਲੈ ਰਹੀ।

ਸੰਸਾਰ ਭਰ ਵਿੱਚ ਇਸ ਵਕਤ ਤੱਕ ਕੋਰੋਨਾ ਦੇ ਕੇਸਾਂ ਦੀ ਕੁੱਲ ਗਿਣਤੀ 56,76,498 ਤੇ ਮੌਤਾਂ ਦੀ ਗਿਣਤੀ ਵਧ ਕੇ 3,51,592 ਹੋ ਚੁੱਕੀ ਹੈ। ਅਮਰੀਕਾ ਤੋਂ ਬਾਅਦ ਸਭ ਤੋਂ ਵੱਧ ਪ੍ਰਭਾਵਤ ਦੇਸ਼ ਬ੍ਰਿਟੇਨ ਵਿੱਚ 37,048 ਮੌਤਾਂ ਹੋਈਆਂ ਹਨ। ਇਟਲੀ ਵਿੱਚ 32,955, ਫਰਾਂਸ ਵਿੱਚ 28,530, ਸਪੇਨ ਵਿੱਚ 27,117, ਬਰਾਜ਼ੀਲ ਵਿੱਚ 24,512 ਮੌਤਾਂ ਹੋਣ ਦੇ ਨਾਲ ਬੈਲਜੀਅਮ ਵਿੱਚ ਵੀ ਤੇਜ਼ੀ ਨਾਲ ਵਧਦੀ ਹੋਈ ਮੌਤਾਂ ਦੀ ਗਿਣਤੀ 9334 ਹੋ ਚੁੱਕੀ ਹੈ।

ਪਾਕਿਸਤਾਨ ਵਿੱਚ ਵੀ ਇਸ ਰੋਗ ਨਾਲ ਸਹਿਮ ਦੀ ਸਥਿਤੀ ਹੈ ਤੇ ਇਸ ਦੇ ਸੀਨੀਅਰ ਅਧਿਕਾਰੀ ਕਹਿੰਦੇ ਹਨ ਕਿ ਜੇ ਰੋਕਥਾਮ ਵੱਲ ਧਿਆਨ ਨਾ ਕੀਤਾ ਗਿਆ ਤਾਂ ਈਦ ਦੀਆਂ ਛੁੱਟੀਆਂ ਦੇ ਬਾਅਦ ਹਾਲਾਤ ਹੋਰ ਵਿਗੜ ਸਕਦੇ ਹਨ। ਇਸ ਦੌਰਾਨ ਪਾਕਿਸਤਾਨ ਦੇ ਸਿਹਤ ਮੰਤਰਾਲੇ ਦੇ ਮੁਤਾਬਕ ਬੀਤੇ 24 ਘੰਟਿਆਂ ਵਿੱਚ ਕੋਰੋਨਾ ਦੇ 1356 ਨਵੇਂ ਕੇਸ ਪਤਾ ਲੱਗੇ ਹਨ, ਜਿਸ ਨਾਲ ਕੇਸਾਂ ਦੀ ਗਿਣਤੀ 57,705 ਅਤੇ ਮੌਤਾਂ ਦੀ ਗਿਣਤੀ 1197 ਹੋ ਚੁੱਕੀ ਹੈ।

## ਭਾਰਤ ਵਿੱਚ ਕੋਰੋਨਾ ਦੇ ਕੇਸਾਂ ਅਤੇ ਮੌਤਾਂ ਦੀ ਗਿਣਤੀ ਹੋਰ ਵਧੀ

### * ਮਹਾਰਾਸ਼ਟਰ ਵਿੱਚ ਇੱਕੋ ਦਿਨ ਵਿੱਚ 97 ਲੋਕਾਂ ਦੀ ਮੌਤ



ਮੁੰਬਈ, 26 ਮਈ, (ਪੋਸਟ ਬਿਊਰੋ)- ਪਿਛਲੇ ਦਿਨੀਂ ਲਾਕਡਾਊਨ ਵਿੱਚ ਢਿੱਲਾਂ ਮਿਲਣ ਤੋਂ ਬਾਅਦ ਭਾਰਤ ਵਿੱਚ ਕੋਰੋਨਾ ਦੀ ਬਿਮਾਰੀ ਦੇ ਕੇਸ ਹੋਰ ਤੇਜ਼ੀ ਨਾਲ ਵਧਣ ਲੱਗ ਪਏ ਹਨ ਅਤੇ ਮਹਾਰਾਸ਼ਟਰ ਵਿਚ ਇਸ ਦਾ ਕਹਿਰ ਰੁਕਣ ਦਾ ਨਾਮ ਨਹੀਂ ਲੈ ਰਿਹਾ। ਬੀਤੇ 24 ਘੰਟਿਆਂ ਦੌਰਾਨ ਇਸ ਰਾਜ ਵਿੱਚ ਕੋਰੋਨਾ ਦੇ 2091 ਨਵੇਂ ਕੇਸ ਪਤਾ ਲੱਗੇ ਅਤੇ 97 ਲੋਕਾਂ ਦੀ ਮੌਤ ਹੋਈ ਹੈ। ਇਹ ਅੱਜ ਤੱਕ ਇੱਕੋ ਦਿਨ ਇਸ ਰਾਜ ਵਿੱਚ ਮੌਤਾਂ ਹੋਣ ਦਾ ਇੱਕ ਰਿਕਾਰਡ ਹੈ।

ਅੱਜ ਮੰਗਲਵਾਰ ਸ਼ਾਮ ਤੱਕ ਭਾਰਤ ਵਿੱਚ ਕੋਰੋਨਾ ਦੇ ਕੇਸਾਂ ਦੀ ਕੁੱਲ ਗਿਣਤੀ 1,45,380 ਹੋ ਚੁੱਕੀ ਹੈ, ਜਦ ਕਿ ਇਸ ਦੌਰਾਨ ਅੱਜ ਤੱਕ ਕੁੱਲ ਮਿਲਾ ਕੇ 4167 ਲੋਕਾਂ ਦੀ ਮੌਤ ਹੋ ਚੁੱਕੀ ਹੈ। ਮਹਾਰਾਸ਼ਟਰ ਵਿੱਚ ਕੇਸਾਂ ਦੀ ਗਿਣਤੀ ਵਧ ਕੇ 54,758 ਹੋ ਗਈ ਹੈ ਤੇ ਇਸ ਦੌਰਾਨ 1792 ਲੋਕ ਮਾਰੇ ਜਾ ਚੁੱਕੇ ਹਨ। ਇਕੱਲੇ ਮੁੰਬਈ ਵਿਚ ਪਿਛਲੇ 24 ਘੰਟਿਆਂ ਦੇ ਦੌਰਾਨ ਕੋਰੋਨਾ ਦੇ 1002 ਨਵੇਂ ਕੇਸ ਪਤਾ ਲੱਗੇ ਅਤੇ 39 ਲੋਕਾਂ ਦੀ ਮੌਤ ਹੋਈ ਹੈ। ਅੱਜ ਤੱਕ ਕੁਲ ਮਿਲਾ ਕੇ ਮੁੰਬਈ ਵਿਚ ਕੋਰੋਨਾ ਦੇ 32,974 ਕੇਸ ਅਤੇ 1065 ਲੋਕਾਂ ਦੀ ਮੌਤ ਹੋ ਚੁੱਕੀ ਹੈ। ਇਸ ਤੋਂ ਇਲਾਵਾ ਦੂਸਰੇ ਸਭ ਤੋਂ ਵੱਧ ਪ੍ਰਭਾਵਤ ਰਾਜ ਗੁਜਰਾਤ ਵਿੱਚ ਮੌਤਾਂ ਦੀ ਗਿਣਤੀ 888 ਹੋ ਗਈ ਹੈ। ਮੱਧ ਪ੍ਰਦੇਸ਼ ਵਿੱਚ ਕੁੱਲ ਮੌਤਾਂ ਦੀ ਗਿਣਤੀ 300, ਪੱਛਮੀ ਬੰਗਾਲ ਵਿੱਚ 278, ਦਿਲੀ ਵਿੱਚ 276, ਰਾਜਸਥਾਨ ਵਿੱਚ 167 ਤੇ ਉੱਤਰ ਪ੍ਰਦੇਸ਼ ਵਿੱਚ 165 ਮੌਤਾਂ ਹੋ ਚੁੱਕੀਆਂ ਹਨ। ਬਹੁਤੀ ਚਿੰਤਾ ਵਾਲੀ ਸਥਿਤੀ ਮਹਾਰਾਸ਼ਟਰ ਦੀ ਦੱਸੀ ਜਾਂਦੀ ਹੈ।

ਪੰਜਾਬ ਵਿੱਚ ਕੋਰੋਨਾ ਦੇ ਨਵੇਂ ਕੇਸਾਂ ਨਾਲੋਂ ਇਸ ਬਿਮਾਰੀ ਤੋਂ ਠੀਕ ਹੋਣ ਵਾਲੇ ਮਰੀਜ਼ਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਅੱਜ ਮੰਗਲਵਾਰ ਸ਼ਾਮ ਤੱਕ ਕੁੱਲ ਮਰੀਜ਼ਾਂ ਦੀ ਗਿਣਤੀ 2188 ਹੋ ਗਈ ਹੈ, ਜਿਨ੍ਹਾਂ ਵਿੱਚੋਂ ਮਾਨਸਾ, ਫਤਹਿਗੜ੍ਹ ਸਾਹਿਬ, ਰੂਪਨਗਰ, ਫਾਜ਼ਿਲਕਾ ਤੇ ਫਿਰੋਜ਼ਪੁਰ ਦੇ ਸਾਰੇ ਮਰੀਜ਼ ਠੀਕ ਹੋ ਚੁੱਕੇ ਹਨ ਅਤੇ ਐਕਟਿਵ ਪਾਜ਼ੇਟਿਵ ਕੇਸ ਸਿਰਫ 228 ਹਨ, ਜਿਨ੍ਹਾਂ ਦਾ ਇਲਾਜ ਹੋ ਰਿਹਾ ਹੈ। ਇਸ ਦੌਰਾਨ ਕੋਰੋਨਾ ਨਾਲ ਕੁੱਲ 42 ਲੋਕਾਂ ਦੀ ਮੌਤ ਹੋ ਚੁੱਕੀ ਹੈ।

## ਸੁਪਰੀਮ ਕੋਰਟ ਨੇ ਕਿਹਾ: ਆਪਣੇ ਰਾਜਾਂ ਨੂੰ ਮੁੜਦੇ ਮਜ਼ਦੂਰਾਂ ਦੀ ਮਦਦ ਲਈ ਸਰਕਾਰਾਂ ਦੀਆਂ ਕੋਸ਼ਿਸ਼ਾਂ ਠੋਸ ਨਹੀਂ



ਨਵੀਂ ਦਿੱਲੀ, 26 ਮਈ, (ਪੋਸਟ ਬਿਊਰੋ)- ਭਾਰਤ ਦੇ ਬਹੁਤ ਸਾਰੇ ਰਾਜਾਂ ਵਿਚ ਹਾਲਾਤ ਦੇ ਵਹਿਣ ਵਿੱਚ ਫਸੇ ਪਰਵਾਸੀ ਮਜ਼ਦੂਰਾਂ ਦੀਆਂ ਸਮੱਸਿਆਵਾਂ ਅਤੇ ਆਪਣੇ ਘਰਾਂ ਨੂੰ ਮੁੜਨ ਵੇਲੇ ਉਨ੍ਹਾਂ ਦੀ ਹਾਲਤ ਬਾਰੇ ਸੁਪਰੀਮ ਕੋਰਟ ਨੇ ਖੁਦ ਨੋਟਿਸ ਲਿਆ ਅਤੇ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਹੈ।

ਇਸ ਸੰਬੰਧ ਵਿੱਚ ਅੱਜ ਸੁਪਰੀਮ ਕੋਰਟ ਨੇ ਕਿਹਾ ਕਿ ਕੇਂਦਰ ਸਰਕਾਰ ਹਾਲੇ ਤੱਕ ਪਰਵਾਸੀ ਮਜ਼ਦੂਰਾਂ ਲਈ ਚੁੱਕੇ ਗਏ ਕਦਮਾਂ ਦੀ ਸਾਰੀ ਜਾਣਕਾਰੀ ਪੇਸ਼ ਕਰੇ। ਅਦਾਲਤ ਨੇ ਕਿਹਾ ਹੈ ਕਿ ਅੱਜ ਤੱਕ ਦੀਆਂ ਕੋਸ਼ਿਸ਼ਾਂ ਕਾਫੀ ਨਹੀਂ ਹਨ ਅਤੇ ਪਰਵਾਸੀ ਮਜ਼ਦੂਰਾਂ ਲਈ ਇਹ ਬੜਾ ਮੁਸ਼ਕਲ ਸਮਾਂ ਹੈ, ਜਿਸ ਵਿੱਚੋਂ ਨਿਕਲਣ ਲਈ ਪ੍ਰਭਾਵਸ਼ਾਲੀ ਠੋਸ ਕਦਮ ਚੁੱਕੇ ਜਾਣ ਦੀ ਜ਼ਰੂਰਤ ਹੈ। ਸੁਪਰੀਮ ਕੋਰਟ ਦੇ ਜਸਟਿਸ ਅਸ਼ੋਕ ਭੂਸ਼ਣ, ਜਸਟਿਸ ਸੰਜੈ ਕਿਸ਼ਨ ਕੌਲ ਅਤੇ ਜਸਟਿਸ ਐਮ ਆਰ ਸ਼ਾਹ ਨੇ ਆਪਣੇ ਹੁਕਮਾਂ ਵਿਚ ਕਿਹਾ ਕਿ ਉਨ੍ਹਾਂ ਨੇ ਲਗਾਤਾਰ ਮੀਡੀਆ ਰਿਪੋਰਟਾਂ ਦੇਖੀਆਂ ਹਨ, ਜਿਹੜੀਆਂ ਦੱਸਦੀਆਂ ਹਨ ਕਿ ਪਰਵਾਸੀ ਮਜ਼ਦੂਰਾਂ ਦੀ ਹਾਲਤ ਬਦਕਿਸਮਤੀ ਵਾਲੀ ਹੈ, ਕਈ ਲੰਬੇ ਪੈਂਡੇ ਪੈਦਲ ਕਰ ਰਹੇ ਹਨ ਤੇ ਕੋਈ ਸਾਈਕਲ ਉੱਤੇ ਇਹ ਪੈਂਡਾ ਤੈਅ ਕਰ ਰਿਹਾ ਹੈ। ਕੋਰਟ ਨੇ ਕਿਹਾ ਕਿ ਲੋਕ ਜਿੱਥੇ ਫਸੇ ਹੋਏ ਹਨ, ਓਥੋਂ ਵਾਲੇ ਪ੍ਰਸ਼ਾਸਨ ਅਤੇ ਰਸਤੇ ਵਿਚਲੇ ਪ੍ਰਸ਼ਾਸਨ ਬਾਰੇ ਉਹ ਸ਼ਿਕਾਇਤਾਂ ਕਰ ਰਹੇ ਹਨ ਕਿ ਉਨ੍ਹਾਂ ਨੂੰ ਖਾਣਾ ਤੇ ਪਾਣੀ ਤੱਕ ਨਹੀਂ ਮਿਲਦਾ। ਦੇਸ਼ ਵਿਚ ਲਾਕਡਾਊਨ ਲਾਗੂ ਕੀਤਾ ਪਿਆ ਹੈ ਤਾਂ ਸਮਾਜ ਦੇ ਇਸ ਵਰਗ ਨੂੰ ਪਰੇਸ਼ਾਨੀ ਦੀ ਹਾਲਤ ਵਿਚ ਮਦਦ ਦੀ ਲੋੜ ਹੈ, ਇਸ ਲਈ ਭਾਰਤ ਦੀ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਇਸ ਬਾਰੇ ਠੋਸ ਕਦਮ ਚੁੱਕਣ।

ਸੁਪਰੀਮ ਕੋਰਟ ਨੇ ਕਿਹਾ ਕਿ ਅਸੀਂ ਭਾਰਤ ਸਰਕਾਰ ਅਤੇ ਦੇਸ਼ ਦੇ ਸਾਰੇ ਰਾਜਾਂ ਦੀਆਂ ਸਰਕਾਰਾਂ ਨੂੰ ਨੋਟਿਸ ਜਾਰੀ ਕਰ ਰਹੇ ਹਾਂ, ਕੇਸ ਦੀ ਅਗਲੀ ਸੁਣਵਾਈ ਵੀਰਵਾਰ ਨੂੰ ਹੋਵੇਗੀ, ਓਦੋਂ ਤੱਕ ਕੇਂਦਰ ਸਰਕਾਰ ਇਸ ਕੇਸ ਵਿਚ ਚੁੱਕੇ ਗਏ ਕਦਮ ਤੋਂ ਜਾਣੂ ਕਰਵਾਵੇ ਤੇ ਉਸ ਦਿਨ ਸਾਲਿ-ਸਿਟਰ ਜਨਰਲ ਕੋਰਟ ਵਿਚ ਹਾਜ਼ਰ ਰਹਿਣ। ਵਰਨਣ ਯੋਗ ਹੈ ਕਿ ਆਪਣੇ ਰਾਜਾਂ ਨੂੰ ਜਾਣ ਦੌਰਾਨ ਪਰਵਾਸੀ ਮਜ਼ਦੂਰਾਂ ਦੀਆਂ ਹਾਦਸੇ ਵਿਚ ਮੌਤਾਂ ਦਾ ਮੁੱਦਾ ਸੁਪਰੀਮ ਕੋਰਟ ਵਿਚ ਚੁੱਕਿਆ ਗਿਆ ਤਾਂ ਕੋਰਟ ਨੇ 15 ਮਈ ਨੂੰ ਸੁਣਵਾਈ ਵੇਲੇ ਕਿਹਾ ਸੀ ਕਿ ਇਨ੍ਹਾਂ ਮਜ਼ਦੂਰਾਂ ਦੀ ਆਵਾਜਾਈ ਦੀ ਨਿਗਰਾਨੀ ਕਰਨਾ ਅਦਾਲਤ ਲਈ ਅਸੰਭਵ ਲੱਗਦਾ ਹੈ। ਲੋਕ ਸੜਕਾਂ ਉੱਤੇ ਚੱਲ ਰਹੇ ਹਨ ਤਾਂ ਉਨ੍ਹਾਂ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ, ਪਰ ਦੇਸ਼ ਵਿਚ ਪਰਵਾਸੀ ਮਜ਼ਦੂਰਾਂ ਦੇ ਕੇਸ ਵਿਚ ਸਰਕਾਰ ਨੂੰ ਹੀ ਜ਼ਰੂਰੀ ਕਾਰਵਾਈ ਕਰਨੀ ਹੋਵੇਗੀ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਐ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC

Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Paramjit Deol
Broker
CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca
"Your neighborhood broker, Call Paramjit Deol Today"

**Mississauga $749,000**

7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**

3210 Highway 7 Rd 5511: Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**

Westmount/Blockline Rd: Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**

39 Shiff Cres: This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard, Entrance Garage From Inside.

**MISSISSAUGA $299,000**
Photo Not Available
7885 Tranmere Dr: Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Mississisauga $749,000**

7089 Torbram Rd : Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**
Photo Not Available
23 Wilmot St: Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

**Oshawa $659,000**
Photo Not Available
Simcoe St/Highway 407: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**
Photo Not Available
115 Orenda Dr: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks, Very Low Rent, Tons Of Inventory.

**Brampton $749,000**

Mississauga Rd/Sandalwood Pkwy : 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**

Ferndale & Edgehill :Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit, 13 Feet High Ceiling In Dining Room Situated On A Ravine Backing With An Extra Deep Lot.

**Oshawa $659,000**
Photo Not Available
150 Windfields Farm Dr 86: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**

124 Cornwall Rd: Move In Ready Designer Concept, Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**

Queen St/Logan Ave: Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**

King St/Industry: Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**

Derry And Mclaughlin: One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

# ਸੁਪਰੀਮ ਕੋਰਟ ਵੱਲੋਂ ਹਦਾਇਤ:ਲਾਕਡਾਊਨ ਦੌਰਾਨ ਪੂਰੀ ਤਨਖ਼ਾਹ ਨਾ ਦੇਣ ਬਾਰੇ ਕੇਂਦਰ ਸਰਕਾਰ ਫੌਰੀ ਧਿਆਨ ਦੇਵੇ

ਨਵੀਂ ਦਿੱਲੀ, 26 ਮਈ, (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨਾ ਵਾਇਰਸ ਦੇ ਕਾਰਨ ਲੱਗੇ ਹੋਏ ਲਾਕਡਾਊਨ ਦੇ ਦੌਰਾਨ ਨਿੱਜੀ ਅਦਾਰਿਆਂ ਦੇ ਕਰਮਚਾਰੀਆਂ ਨੂੰ ਪੂਰੀ ਤਨਖ਼ਾਹ ਦੇਣ ਤੋਂ ਉਨ੍ਹਾਂ ਅਦਾਰਿਆਂ ਵੱਲੋਂ ਅਸਮਰੱਥਤਾ ਪ੍ਰਗਟ ਕਰਨ ਬਾਰੇ ਪਟੀਸ਼ਨਾਂ ਉੱਤੇ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਫੌਰੀ ਧਿਆਨ ਦੇਣ ਨੂੰ ਕਿਹਾ ਹੈ।



ਅੱਜ ਮੰਗਲਵਾਰ ਨੂੰ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਕਿਹਾ ਕਿ ਇਸ ਹਾਲਤ ਤੋਂ ਬਹੁਤ ਲੋਕ ਪ੍ਰਭਾਵਤ ਹਨ ਅਤੇ ਸਰਕਾਰ ਨੂੰ ਛੇਤੀ ਇਸ ਪਟੀਸ਼ਨ ਦਾ ਜਵਾਬ ਦੇਣਾ ਚਾਹੀਦਾ ਹੈ। ਇਹ ਕਹਿ ਕੇ ਕੋਰਟ ਨੇ ਕੇਂਦਰ ਸਰਕਾਰ ਨੂੰ ਐੱਮ ਐੱਸ ਐੱਮ ਈ (ਮਾਈਕਰੋ, ਸਮਾਲ ਐਂਡ ਮੀਡੀਅਮ ਇੰਟਰਪ੍ਰਾਈਜ਼ਿਜ਼) ਦੀਆਂ ਐਸੋਸੀਏਸ਼ਨਾਂ ਦੀਆਂ ਪਟੀਸ਼ਨਾਂ ਦੇ ਬਾਰੇ ਜਵਾਬ ਦੇਣ ਲਈ ਕਿਹਾ ਤੇ ਇਸ ਕੇਸ ਬਾਰੇ ਸੁਣਵਾਈ ਇਕ ਹਫ਼ਤੇ ਲਈ ਅੱਗੇ ਪਾ ਦਿੱਤੀ ਹੈ। ਜਸਟਿਸ ਅਸ਼ੋਕ ਭੂਸ਼ਣ, ਜਸਟਿਸ ਸੰਜੇ ਕਿਸ਼ਨ ਕੌਲ ਤੇ ਜਸਟਿਸ ਐੱਮ ਆਰ ਸ਼ਾਹ ਦੇ ਬੈਂਚ ਨੇ ਫਿਕਸ ਪੈਕਸ ਲਿਮਟਿਡ ਅਤੇ ਹੋਰ ਉਦਯੋਗਾਂ ਅਤੇ ਉਨ੍ਹਾਂ ਦੀਆਂ ਐਸੋਸੀਏਸ਼ਨਾਂ ਦੀਆਂ ਪਟੀਸ਼ਨਾਂ ਉੱਤੇ ਵੀਡੀਓ ਕਾਨਫਰੰਸਿੰਗ ਰਾਹੀਂ ਸੁਣਵਾਈ ਕੀਤੀ ਹੈ। ਇਨ੍ਹਾਂ ਪਟੀਸ਼ਨਾਂ ਉੱਤੇ ਕੋਰਟ ਪਹਿਲਾਂ ਹੀ ਕੇਂਦਰ ਸਰਕਾਰ ਨੂੰ ਨੋਟਿਸ ਭੇਜ ਚੁੱਕੀ ਸੀ, ਪਰ ਸਰਕਾਰ ਦਾ ਜਵਾਬ ਨਹੀਂ ਆਇਆ ਸੀ।

ਅੱਜ ਸਰਕਾਰ ਵੱਲੋਂ ਪੇਸ਼ ਹੋਏ ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਨੇ ਕੋਰਟ ਵਿੱਚ ਦੱਸਿਆ ਕਿ ਕੇਂਦਰ ਸਰਕਾਰ ਨੇ 17 ਮਈ ਨੂੰ ਨਵਾਂ ਨੋਟੀਫਿਕੇਸ਼ਨ ਜਾਰੀ ਕੀਤਾ ਹੈ ਤੇ ਇਸ ਤੋਂ ਪਹਿਲੇ ਸਾਰੇ ਨੋਟੀਫਿਕੇਸ਼ਨ ਤੇ ਆਦੇਸ਼ ਖਤਮ ਹੋ ਗਏ ਹਨ ਤੇ ਨਵੀਂ ਸਥਿਤੀ ਅਨੁਸਾਰ ਕੰਮ ਹੋ ਰਿਹਾ ਹੈ। ਇਨ੍ਹਾਂ ਪਟੀਸ਼ਨਾਂ ਵਿੱਚ 29 ਮਾਰਚ ਵਾਲੇ ਨੋਟੀਫਿਕੇਸ਼ਨ ਨੂੰ ਚੁਣੌਤੀ ਦਿੱਤੀ ਹੋਣ ਕਰ ਕੇ ਵੇਣੂਗੋਪਾਲ ਨੇ ਕਿਹਾ ਕਿ 18 ਮਈ ਤੋਂ ਬਾਅਦ ਪੁਰਾਣੇ ਨੋਟੀਫਿਕੇਸ਼ਨ ਲਾਗੂ ਨਹੀਂ ਹੋਣਗੇ। ਉਨ੍ਹਾਂ ਕਿਹਾ ਕਿ ਜੇ ਇਸ ਤੋਂ ਪਹਿਲੇ ਨੋਟੀਫਿਕੇਸ਼ਨ ਉੱਤੇ ਇਨ੍ਹਾਂ ਲੋਕਾਂ ਨੂੰ ਸ਼ਿਕਾਇਤ ਹੈ ਤਾਂ ਉਹ ਵਿਸ਼ੇਸ਼ ਤੌਰ ਉੱਤੇ ਦੱਸਣ। ਇਸ ਤੋਂ ਪਿੱਛੋਂ ਪਟੀਸ਼ਨਰ ਕੰਪਨੀਆਂ ਅਤੇ ਐਸੋਸੀਏਸ਼ਨ ਦੇ ਵਕੀਲਾਂ ਨੇ ਕਿਹਾ ਕਿ ਇਨ੍ਹਾਂ ਪਟੀਸ਼ਨਾਂ ਵਿੱਚ ਉਨ੍ਹਾਂ ਨੇ 29 ਮਾਰਚ ਦੇ ਨੋਟੀਫਿਕੇਸ਼ਨ ਨੂੰ ਚੁਣੌਤੀ ਦਿੱਤੀ ਹੈ, ਜਿਸ ਵਿੱਚ ਲਾਕਡਾਊਨ ਦੇ ਦੌਰਾਨ ਮੁਲਾਜ਼ਮਾਂ ਨੂੰ ਪੂਰੀ ਤਨਖ਼ਾਹ ਦੇਣ ਨੂੰ ਕਿਹਾ ਗਿਆ ਹੈ, ਜਿਸ ਨਾਲ ਇਨ੍ਹਾਂ ਅਦਾਰਿਆਂ ਨੂੰ ਮੁਸ਼ਕਲ ਹੈ। ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਇਸ ਕੇਸ ਵਿੱਚ ਬਹੁਤ ਸਾਰੀਆਂ ਪਟੀਸ਼ਨਾਂ ਪੈਂਡਿੰਗ ਹਨ ਤੇ ਉਨ੍ਹਾਂ ਦਾ ਜਵਾਬ ਦੇਣਗੇ ਤੇ ਉਨ੍ਹਾਂ ਨੂੰ ਕੁਝ ਸਮਾਂ ਚਾਹੀਦਾ ਹੈ। ਜਸਟਿਸ ਅਸ਼ੋਕ ਭੂਸ਼ਣ ਨੇ ਕਿਹਾ ਕਿ ਇਸ ਕੇਸ ਉੱਤੇ ਫੌਰੀ ਧਿਆਨ ਦੇਣਾ ਚਾਹੀਦਾ ਹੈ, ਕਿਉਂਕਿ ਬਹੁਤ ਲੋਕ ਇਸ ਤੋਂ ਪ੍ਰਭਾਵਤ ਹਨ। ਕੋਰਟ ਨੇ ਕੇਂਦਰ ਨੂੰ ਜਵਾਬ ਲਈ ਇਕ ਹਫ਼ਤੇ ਦਾ ਸਮਾਂ ਦੇ ਕੇ ਕਿਹਾ ਕਿ ਪਟੀਸ਼ਨ ਵਿੱਚ ਉਠਾਏ ਗਏ ਵੱਖ-ਵੱਖ ਮੁੱਦਿਆਂ ਉੱਤੇ ਉਹ ਸਰਕਾਰ ਦਾ ਰੁਖ਼ ਜਾਣਨਾ ਚਾਹੁੰਦੇ ਹਨ। ਇਸ ਤੋਂ ਇਲਾਵਾ ਕੋਰਟ ਨੇ ਸਾਫ ਕੀਤਾ ਕਿ ਪਿਛਲੀ ਸੁਣਵਾਈ ਉੱਤੇ ਜਿਨ੍ਹਾਂ ਕੇਸਾਂ ਵਿੱਚ ਕੋਰਟ ਨੇ ਕਿਸੇ ਸਜ਼ਾ ਦੀ ਕਾਰਵਾਈ ਉੱਤੇ ਰੋਕ ਲਾਈ ਸੀ, ਉਨ੍ਹਾਂ ਕੇਸਾਂ ਵਿੱਚ ਹਾਲੇ ਇਹ ਰੋਕ ਲੱਗੀ ਰਹੇਗੀ।

# ਹਾਈ ਕੋਰਟ ਵੱਲੋਂ ਫੈਸਲਾ: ਮਾਪਿਆਂ ਤੋਂ ਸੱਤਰ ਫੀਸਦੀ ਫੀਸ ਲੈ ਕੇ ਪ੍ਰਾਈਵੇਟ ਸਕੂਲ ਟੀਚਰਾਂ ਨੂੰ ਤਨਖਾਹਾਂ ਦੇਣ

ਚੰਡੀਗੜ੍ਹ, 26 ਮਈ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਸਹਾਇਤਾ ਰਹਿਤ ਨਿੱਜੀ ਸਕੂਲਾਂ ਨੂੰ ਆਪਣੇ ਵਿਦਿਆਰਥੀਆਂ ਦੇ ਮਾਪਿਆਂ/ ਆਸ਼ਰਿਤਾਂ ਤੋਂ ਸੱਤਰ ਫੀਸਦੀ ਸਕੂਲ ਫੀਸ ਲੈਣ ਦੀ ਆਗਿਆ ਦੇ ਦਿੱਤੀ ਹੈ ਅਤੇ ਸਕੂਲਾਂ ਨੂੰ ਟੀਚਰਾਂ ਦੀ ਸੱਤਰ ਫੀਸਦੀ ਤਨਖਾਹ ਦਾ ਭੁਗਤਾਨ ਕਰਨ ਲਈ ਵੀ ਕਿਹਾ ਹੈ।

ਕੋਰਟ ਨੇ ਇਹ ਅੰਤਰਿਮ ਆਦੇਸ਼ 14 ਮਈ ਨੂੰ ਜਾਰੀ ਕੀਤੇ ਗਏ ਇੱਕ ਮੀਮੋ ਦੇ ਵਿਰੁੱਧ ਇੰਡੀਪੈਂਡੈਂਟ ਸਕੂਲਸ ਐਸੋਸੀਏਸ਼ਨ, ਚੰਡੀਗੜ੍ਹ ਦੀ ਰਿਟ ਪਟੀਸ਼ਨ 'ਤੇ ਦਿੱਤਾ ਹੈ। ਇਸ ਮੀਮੋ ਹੇਠ ਸਕੂਲਾਂ ਨੂੰ ਇੱਕ ਤਰ੍ਹਾਂ ਬਿਲਡਿੰਗ ਚਾਰਜ, ਟਰਾਂਸਪੋਰੇਟੇਸ਼ਨ ਚਾਰਜ ਅਤੇ ਭੋਜਨ ਆਦਿ ਲਈ ਫੀਸ ਲੈਣ ਤੋਂ ਰੋਕ ਦਿੱਤਾ ਗਿਆ ਸੀ। ਦੂਜੇ ਪਾਸੇ ਉਨ੍ਹਾਂ ਨੂੰ ਅਧਿਆਪਕਾਂ ਦੀ ਤਨਖਾਹ ਵਿੱਚ ਕਟੌਤੀ ਨਾ ਕਰਨ ਦਾ ਨਿਰਦੇਸ਼ ਦਿੱਤਾ ਗਿਆ ਸੀ। ਇਸ ਬਾਰੇ ਪਟੀਸ਼ਨਰ ਨੇ ਕਿਹਾ ਕਿ ਮੀਮੋ ਵਿੱਚ ਆਪਾ ਵਿਰੋਧੀ ਸ਼ਰਤਾਂ ਹਨ। ਇੱਕ ਪਾਸੇ ਮਾਪਿਆਂ ਨੂੰ ਪੂਰੀ ਫੀਸ ਜਮ੍ਹਾ ਨਾ ਕਰਨ ਦੀ ਛੋਟ ਦਿੱਤੀ ਗਈ ਹੈ ਅਤੇ ਦੂਜੇ ਪਾਸੇ ਸਕੂਲਾਂ ਨੂੰ ਅਧਿਆਪਕਾਂ ਦੀਆਂ ਤਨਖਾਹਾਂ ਘੱਟ ਨਾ ਕਰਨ ਦਾ ਨਿਰਦੇਸ਼ ਦਿੱਤਾ ਗਿਆ ਹੈ। ਇਨ੍ਹਾਂ ਦਲੀਲਾਂ ਦੇ ਆਧਾਰ 'ਤੇ ਜਸਟਿਸ ਰਿਤੂ ਬਾਹਰੀ ਦੀ ਬੈਂਚ ਨੇ ਪਟੀਸ਼ਨਰ ਧਿਰ ਨੂੰ ਅੰਤਿਰਮ ਰਾਹਤ ਦੇ ਕੇ ਹੁਕਮ ਦਿੱਤਾ ਕਿ ਮੌਜੂਦਾ ਹਾਲਾਤ ਦਾ ਧਿਆਨ ਰੱਖ ਕੇ ਅੰਤ੍ਰਿਮ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਦਾਖਲਾ ਫੀਸ, ਜਿਸ ਨੂੰ ਮਾਪੇ ਇੱਕ ਵਾਰ ਅਦਾ ਕਰਦੇ ਹਨ, ਛੇ-ਛੇ ਮਹੀਨੇ ਦੇ ਅੰਤਰ 'ਤੇ ਦੋ ਕਿਸ਼ਤਾਂ ਵਿੱਚ ਭੁਗਤਾਨ ਕਰਨ ਅਤੇ ਉਨ੍ਹਾਂ ਨੂੰ ਕੁੱਲ ਸਕੂਲ ਫੀਸ ਦਾ ਸੱਤਰ ਫੀਸਦੀ ਜਮ੍ਹਾ ਕਰਨਾ ਹੋਵੇਗਾ। ਨਾਲ ਇਸ ਰਿਟ ਪਟੀਸ਼ਨ ਦੇ ਫੈਸਲੇ ਤੱਕ ਟੀਚਰਾਂ ਨੂੰ ਸੱਤਰ ਫੀਸਦੀ ਤਨਖਾਹ ਦੇਣੀ ਹੋਵੇਗੀ। ਪਟੀਸ਼ਨਰ ਧਿਰ ਨੇ ਕੋਰਟ ਨੂੰ ਦੱਸਿਆ ਕਿ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਨੇ ਇੱਕ ਰਿਜ਼ਰਵ ਫੰਡ ਬਣਾਇਆ ਹੈ, ਜਿਸ ਵਿੱਚ ਸਾਰੇ ਸਹਾਇਤਾ ਰਹਿਤ ਨਿੱਜੀ ਸਕੂਲ ਪੈਸੇ ਜਮ੍ਹਾ ਕਰਦੇ ਹਨ ਤੇ ਫਿਲਹਾਲ ਇਹ ਰਾਸ਼ੀ 77 ਕਰੋੜ ਰੁਪਏ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਬਾਅਦ ਵੀ ਪੰਜਾਬ ਸਰਕਾਰ ਨੇ ਸਕੂਲਾਂ ਦੀ ਮਦਦ ਨਹੀਂ ਕੀਤੀ। ਇਸ ਪਿੱਛੋਂ ਹਾਈ ਕੋਰਟ ਨੇ ਸੂਬਾ ਸਰਕਾਰ ਦੇ ਵਕੀਲ ਨੂੰ ਕਿਹਾ ਕਿ ਉਹ ਨਿਰਦੇਸ਼ ਪ੍ਰਾਪਤ ਕਰਨ ਕਿ ਕਿਵੇਂ ਉਤਰਦਾਤਾ ਨਿੱਜੀ ਸਕੂਲਾਂ ਨੂੰ ਸਕੂਲ ਬਿਲਡਿੰਗਾਂ ਸੈਨੀਟਾਈਜ਼ ਕਰਨ ਲਈ ਰਿਜ਼ਰਵ ਫੰਡ ਵਿੱਚੋਂ ਮਦਦ ਕੀਤੀ ਜਾ ਸਕਦੀ ਹੈ। ਕੋਰਟ ਨੇ ਸੂਬਾ ਸਰਕਾਰ ਕੋਲੋਂ ਪਟੀਸ਼ਨ ਵਿੱਚ ਚੁੱਕੇ ਮੁੱਦਿਆਂ ਦੇ ਸੰਬੰਧ ਵਿੱਚ ਜਵਾਬ ਦੇਣ ਨੂੰ ਕਿਹਾ ਹੈ। ਇਸ ਮਾਮਲੇ 'ਤੇ ਅਗਲੀ ਸੁਣਵਾਈ ਛੇ ਜੂਨ ਨੂੰ ਹੋਵੇਗੀ। ਉਤਰਾਖੰਡ ਵਰਗੇ ਰਾਜਾਂ ਵਿੱਚ ਹਾਈ ਕੋਰਟ ਨੇ ਲਾਕਡਾਊਨ ਨੂੰ ਵੇਖਦੇ ਹੋਏ ਸੂਬੇ ਦੇ ਸਾਰੇ ਨਿੱਜੀ ਗੈਰ ਸਹਾਇਤਾ ਪ੍ਰਾਪਤ ਸਕੂਲਾਂ ਨੂੰ ਟਿਊਸ਼ਨ ਫੀਸ ਲੈਣ ਤੋਂ ਰੋਕ ਲਾ ਦਿੱਤੀ ਹੈ।

ਇਸ ਦੌਰਾਨ ਹਾਈ ਕੋਰਟ ਨੇ ਸਪੱਸ਼ਟ ਕੀਤਾ ਕਿ ਕੇਵਲ ਉਹ ਵਿਦਿਆਰਥੀ, ਜੋ ਨਿੱਜੀ ਸਿਖਿਆ ਸੰਸਥਾਵਾਂ ਵੱਲੋਂ ਪੇਸ਼ ਕੀਤੇ ਜਾਂਦੇ ਆਨਲਾਈਨ ਕੋਰਸ ਦੀ ਵਰਤੋਂ ਕਰਦੇ ਹਨ, ਨੂੰ ਹੀ ਟਿਊਸ਼ਨ ਫੀਸ ਦਾ ਭੁਗਤਾਨ ਕਰਨਾ ਹੋਵੇਗਾ। ਜੋ ਬੱਚੇ ਆਨਲਾਈਨ ਕੋਰਸ ਦੀ ਵਰਤੋਂ ਨਹੀਂ ਕਰ ਪਾ ਰਹੇ। ਉਨ੍ਹਾਂ ਨੂੰ ਟਿਊਸ਼ਨ ਫੀਸ ਜਮ੍ਹਾ ਕਰਨ ਨੂੰ ਨਹੀਂ ਕਿਹਾ ਜਾ ਸਕਦਾ ਹੈ। ਦਿੱਲੀ ਹਾਈ ਕੋਰਟ ਨੇ ਕਿਹਾ ਹੈ ਕਿ ਟਿਊਸ਼ਨ ਫੀਸ ਵਸੂਲਣਾ ਸਹੀ ਹੈ ਕਿਉਂਕਿ ਸਕੂਲ ਆਨਲਾਈਨ ਕਲਾਸਾਂ ਲੈ ਰਹੇ ਹਨ, ਪੜ੍ਹਾਈ ਸਮੱਗਰੀ ਦੇ ਰਹੇ ਹਨ ਅਤੇ ਕਰਮਚਾਰੀਆਂ ਦੀ ਤਨਖਾਹ ਦਾ ਭੁਗਤਾਨ ਵੀ ਕਰ ਰਹੇ ਹਨ।


jobs! jobs! jobs! jobs! jobs!

DUNDAS·JAFINE


HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge


Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਉ ਨਾਮ
ਕਰਤਾਰ ਫਰਨੀਚਰ






- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6

We Provide services:
- Corporation Registration
- Corporation Tax Returns
- Personal Tax Retrurns
- Accounting •Book - Keeping
- H.S.T •WSIB •T4 •E-File
- Assistance in Audit with CRA

CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com





7956 Torbram Rd, Unit #209, Brampton, ON L6T 5A2 Fax: 905-291-0741

ਬਰਾੜ ਗਰਾਜ ਡੋਰ





ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers





We Install Garage Door Openers
• ਕਾਲ ਕਰੋ: 416-357-4082 •

Steinmetz & Associates
PERSONAL INJURY LAWYERS





Harry Steinmetz
Certified as Specialist by the Law Society of Ontario in Civil Litigation
(with over 27yrs. of experience)






ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
BOBBY SIDHU
partner
(Serving the Community for Over 16 yrs.)

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ


Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Join and Represent Us
▷ VISITOR TO CANADA INSURANCE
▷ TRAVEL OUT INSURANCE
▷ INTERNATIONAL STUDENT INSURANCE
▷ OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

# ਫੇਸ ਮਾਸਕ ਨੂੰ ਸਮਝਣਾ ਜ਼ਰੂਰੀ ਹੈ

## ਫੇਸ ਮਾਸਕ ਵਰਤ ਕੇ ਖੁਦ ਬਚੋ ਤੇ ਦੂਜੇ ਨੂੰ ਬਚਾਓ

ਅੱਜਕਲ ਫੇਸ ਮਾਸਕ ਸੀਡੀਸੀ (ਯੂ.ਐਸ),ਐਨ.ਆਈ. ਓ.ਐਸ.ਐਚ ਅਤੇ ਐਫ.ਡੀ.ਏ ਦੀ ਗਾਈਡੈਂਸ ਵਿਚ ਤਿਆਰ ਕੀਤੇ ਜਾ ਰਹੇ ਹਨ। ਵਾਇਰਸ ਤੋਂ ਬਚਣ ਲਈ ਕਿਹੜਾ ਫੇਸ-ਮਾਸਕ ਵਰਤਿਆ ਜਾਵੇ ਹਰੇਕ ਨੂੰ ਜਾਣਕਾਰੀ ਹੋਣੀ ਚਾਹੀਦੀ ਹੈ। ਸਮਾਜਿਕ ਦੂਰੀਆਂ ਦੇ ਨਾਲ-ਨਾਲ ਸਹੀ ਫੇਸ-ਮਾਸਕ ਵਰਤਨਾ ਬੜਾ ਅਹਿਮ ਹੈ। ਸਾਓਥ-ਏਸ਼ਿਅਨ ਮੁਲਕਾਂ ਵਿਚ ਦੇਖਿਆ ਜਾ ਰਿਹਾ ਹੈ ਕਿ ਜਨਤਾ ਰੁਮਾਲ, ਸਕਾਫ, ਘਰ ਬਣਾਇਆ ਮਾਸਕ, ਜਾਂ ਆਮ ਕਪੜੇ ਨਾਲ ਮੂੰਹ ਨੂੰ ਕਵਰ ਕਰ ਰਹੇ ਹਨ। ਕੀ ਇਹ ਤਰੀਕਾ ਵਾਇਰਸ ਤੋਂ ਬਚਾ ਲਵੇਗਾ ??



ਕੋਵਿਡ-19 ਦਾ ਰੋਗੀ ਖੰਘਦੇ, ਛਿੱਕਾਂ ਤੇ ਗੱਲਾਂ ਦੌਰਾਣ ਵਾਇਰਸ ਦੇ ਨਾਲ ਛੋਟੀ-ਛੋਟੀਆਂ ਬੂੰਦਾਂ ਹਵਾ ਵਿਚ ਭੇਜਦਾ ਹੈ। ਇਸ ਹਾਲਤ ਵਿਚ ਚੰਗਾ ਫੇਸ ਮਾਸਕ ਕੰਮ ਕਰਦਾ ਹੈ। ਫੇਸ ਮਾਸਕ ਮੂੰਹ ਤੇ ਨੱਕ ਨੂੰ ਕਵਰ ਕਰਕੇ ਖੰਘਦੇ, ਛਿੱਕਾਂ, ਗੱਲਾਂ ਦੌਰਾਣ ਵਾਇਰਸ ਨਾਲ ਭਰੀਆਂ ਬੂੰਦਾਂ ਹਵਾ ਵਿਚ ਜਾਣ ਤੋਂ ਰੋਕਦਾ ਹੈ। ਵਾਇਰਸ ਦੇ ਫੈਲਾਅ ਨੂੰ ਘਟਾਓਂਦਾ ਹੈ।

ਵਾਇਰਸ ਦੀ ਇਨਫੈਕਸ਼ਨ ਵਾਲਾ ਦੂਜੇ ਦੇ ਨੇੜੇ ਤੇ ਖਾਂਸੀ, ਛਿੱਕਾਂ ਤੇ ਗੱਲਾਂ ਦੌਰਾਣ ਸਾਹ ਦੀਆਂ ਬੂੰਦਾਂ ਦੁਆਰਾ ਤੰਦਰੁਸਤ ਨੂੰ ਵੀ ਆਪਣੇ ਘੇਰੇ ਵਿਚ ਲੈ ਲੈਂਦਾ ਹੈ। ਅੱਜਕਲ ਕਪੜੇ ਨਾਲ ਬਣੇ ਮਾਸਕ, ਸਰਜ਼ੀਕਲ ਅਤੇ ਐਨ-95, ਦੀ ਵਰਤੋਂ ਕੀਤੀ ਜਾ ਰਹੀ ਹੈ। ਐਨ-95 ਮਾਸਕ ਨੈਸ਼ਨਲ ਇੰਸਟੀਚਿਊਟ ਫਾਰ ਆਕੁਪੇਸ਼ਨਲ ਸੇਫਟੀ ਐਂਡ ਹੈਲਥ ਨੇ ਟੈਸਟ ਕਰਕੇ ਮਨਜ਼ੂਰੀ ਦਿੱਤੀ ਹੈ। ਇਹ ਮਾਸਕ 95 ਪ੍ਰਤੀਸ਼ਤ ਹਵਾ ਦੇ ਜਣਨ ਨੂੰ ਫਿਲਟਰ ਕਰਕੇ ਛੋਟੇ-ਬੜੇ ਐਰੋਸੋਲ ਦੇ ਕਣਾਂ ਤੋਂ ਬਚਾਉਂਦਾ ਹੈ। ਇਹ ਮਾਸਕ ਬਹੁਤ ਛੋਟੇ ਕਣਾਂ ਦੇ 95% ਨੂੰ ਰੋਕਣ ਲਈ ਦੱਸਿਆ ਗਿਆ ਹੈ। ਸਰਜ਼ੀਕਲ ਜਾਂ ਮੈਡਿਕਲ ਮਾਸਕ ਲੋਕਾਂ ਨੂੰ ਪਹਿਨਣ ਵਾਲੇ ਸਾਹ ਦੇ ਨਿਕਾਸ ਤੋਂ ਬਚਾਓਂਦਾ ਹੈ। ਪਰ ਇਹ ਸ਼ਰੀਰ ਦੀਆਂ ਤਰਲ ਬੂੰਦਾਂ ਜਾਂ ਸਪ੍ਰੇਅ ਤੋਂ ਬਚਾਅ ਲਈ ਐਫ.ਡੀ.ਏ ਦੀ ਗਾਈਡ, ਸੀਡੀਸੀ ਅਮਰੀਕਾ ਦੀ ਗਾਈਡੈਂਸ ਮੁਤਾਬਿਕ ਸਰਜ਼ੀਕਲ ਮਾਸਕ ਡਾਕਟਰ, ਸਿਹਤ ਮੁਲਾਜ਼ਮ, ਫਰੰਟ ਲਾਈਨ ਵਰਕਰਜ਼ ਇਸਤੇਮਾਲ ਕਰ ਰਹੇ ਹਨ। ਕਲੋਥ ਫੇਸ ਮਾਸਕ ਦੀ ਵਰਤੋਂ ਵਾਇਰਸ ਦੇ ਫੈਲਣ ਦੀ ਸਪੀਡ ਘੱਟ ਕਰਦਾ ਹੈ।

ਫੇਸ ਮਾਸਕ ਸੋਸ਼ਲ ਡਿਸਟੈਂਸ ਦਾ ਬਦਲ ਨਹੀਂ ਹੈ,ਪਰ ਆਪਣੀ ਤੇ ਸਾਹਮਣੇ ਵਾਲੇ ਦੀ ਸੇਫਟੀ ਲਈ ਘਰ ਤੋਂ ਬਾਹਰ ਪਾ ਕੇ ਜਾਣ ਦੀ ਆਦਤ ਬਣਾ ਲਵੋ।

ਪਾਲਤੂ ਜਾਨਵਰ ਕੁੱਤੇ, ਬਿੱਲੀਆਂ ਵੀ ਇਸ ਵਾਇਰਸ ਨਾਲ ਪੀੜਿਤ ਹੋ ਰਹੇ ਹਨ, ਜੋ ਚਿੰਤਾ ਦਾ ਵਿਸ਼ਾ ਹੈ। ਬਾਹਰ ਲਿਜਾਣ ਵੇਲੇ ਇਹਨਾਂ ਦਾ ਮੂੰਹ ਵੀ ਮਾਸਕ ਨਾਲ ਕਵਰ ਕਰ ਸਕਦੇ ਹੋ। ਬਾਹਰੀ ਆਈਕਾਨ ਨੂੰ ਵਾਇਰਸ ਨਾਲ ਪੀੜਿਤ ਹੋਣ ਲਈ ਦੱਸਿਆ ਜਾਂਦਾ ਹੈ, ਜਿਸ ਕਾਰਨ ਕੋਵਿਡ-19 ਦੀ ਸੰਭਾਵਨਾ ਬਣਦੀ ਹੈ। ਕੁੱਤਿਆਂ ਨੂੰ ਪਾਰਕ ਵਿਚ ਸਾਹਮਣੇ ਵਾਲਿਆਂ ਤੋਂ ਦੂਰੀ ਬਣਾ ਕੇ ਰੱਖੋ।

ਕੁੱਤੇ-ਬਿੱਲੀ ਅਦਿ ਜਾਨਵਰਾਂ ਨੂੰ ਕੋਵਿਡ-19 ਇਨਫੈਕਸ਼ਨ ਦੀ ਸੰਭਾਵਨਾ ਘੱਟ ਸਮਝੀ ਜਾ ਰਹੀ ਹੈ। ਕੱਝ ਹਾਲਤਾਂ ਵਿਚ ਮਨੁਖ ਤੋਂ ਜਾਨਵਰਾਂ ਵਿਚ ਵਾਇਰਸ ਆ ਸਕਦਾ ਹੈ।

ਪਾਲਤੂ ਜਾਨਵਰ ਪਰਿਵਾਰਕ ਮੈਂਬਰਾਂ ਵਾਂਗ ਰਹਿੰਦੇ ਹਨ, ਘਰ ਤੋਂ ਬਾਹਰ ਜਾਨਵਰ ਅਤੇ ਲੋਕਾਂ ਤੋਂ ਹਮੇਸ਼ਾ ਦੂਰ ਰੱਖੋ। ਘਰ ਵਿਚ ਬੀਮਾਰ ਮੈਂਬਰ ਤੋਂ ਪਾਲਤੂ ਜਾਨਵਰਾਂ ਨੂੰ ਦੂਰ ਰੱਖਣ ਦੀ ਕੋਸ਼ਿਸ਼ ਕਰੋ।

ਆਪਣਾ ਮਾਸਕ ਧਿਆਣ ਨਾਲ ਉਤਾਰੋ, ਹਟਾਉਣ ਵੇਲੇ ਅੱਖਾਂ, ਨੱਕ ਅਤੇ ਮੂੰਹ ਨੂੰ ਟਚ ਨਾ ਕਰੋ। ਤੁਰੰਤ ਬਾਅਦ ਸਾਬੁਣ ਨਾਲ ਹੱਥ ਧੋਵੋਂ।

2 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਮਾਸਕ ਨਾ ਪਾਓ। ਸਾਹ ਲੈਣ ਵਿਚ ਮੁਸ਼ਕਲ ਦੀ ਹਾਲਤ ਵਿਚ ਬੱਚਾ ਆਪਣੇ ਆਪ ਕੁੱਝ ਨਹੀਂ ਕਰ ਸਕਦਾ।

ਅਪਾਹਜ਼ ਅਤੇ ਸਾਹ ਦੇ ਰੋਗੀ ਠੀਕ ਸਾਹ ਨਾ ਲੈਣ ਦੀ ਹਾਲਤ ਵਿਚ ਬੇਹੋਸ਼ ਹੋ ਜਾਣ ਜਾਂ ਬਿਨਾ ਮਦਦ ਮਾਸਕ ਨੂੰ ਹਟਾਉਣ ਵਿਚ ਅਸਮਰਥ ਹਨ, ਸਾਵਧਾਨੀ ਵਰਤਨ।

ਫੇਸ ਮਾਸਕ ਦੀ ਅਤੇ ਆਪਣੇ ਹੱਥਾਂ ਦੀ ਸਫਾਈ ਦਾ ਖਾਸ ਖਿਆਲ ਰੱਖੋ। ਦੂਜੇ ਕਪੜਿਆਂ ਤੋਂ ਅਲਗ ਤਾਜ਼ੇ ਪਾਣੀ ਵਿਚ ਘਰੇਲੂ ਬਲੀਚ ਮਿਲਾ ਕੇ ਮਾਸਕ ਨੂੰ ਸਾਫ ਕਰੋ। ਇੱਕ ਜੋੜੀ ਫਾਲਤੂ ਰਖੋ। ਡਿਸਪੋਜ਼ੇਬਲ ਮਾਸਕ ਖਰਾਬ, ਗੰਦਾ ਹੋ ਜਾਣ ਦੀ ਹਾਲਤ ਵਿਚ ਬਿਨਾ ਦੇਰ ਬਦਲ ਦਿਓ।

ਐਨ-95 ਮਾਸਕ ਨਾ ਮਿਲਣ ਦੀ ਹਾਲਤ ਵਿਚ ਸਰਜੀਕਲ ਮਾਸਕ ਹਵਾ ਵਿਚ ਮੌਜੂਦ ਕਣਾਂ ਨੂੰ ਫਿਲਟਰ ਕਰਦਾ ਹੈ। ਥੁੱਕ ਅਤੇ ਸਾਹ ਦੁਆਰਾ ਹੋਣ ਵਾਲੀ ਇਨਫੈਕਸ਼ਨ ਨੂੰ ਘਟਾ ਕੇ ਸਾਹਮਣੇ ਵਾਲੇ ਦੀ ਰੱਖਿਆ ਕਰਦੇ ਹਨ। ਐਫਡੀਏ ਨੇ ਮਨਜ਼ੂਰੀ ਵੀ ਦਿੱਤੀ ਹੋਈ ਹੈ।

ਕਪੜੇ ਦਾ ਮਾਸਕ ਚੰਗੀ ਨਾਈਲੋਨ ਦਾ ਕਈ ਲੇਅਰਾਂ ਵਾਲਾ ਹੋਣਾ ਚਾਹੀਦਾ ਹੈ। ਇਹ ਮਾਸਕ

ਚੰਗੀ ਤਰਾਂ ਧੋ ਕੇ ਦੁਬਾਰਾ ਇਸਤੇਮਾਲ ਕੀਤੇ ਜਾ ਸਕਦੇ ਹਨ।

ਅਗਰ ਤੁਹਾਡੇ ਅੰਦਰ ਕੋਵਿਡ-19 ਦੀ ਇਨਫੈਕਸ਼ਨ ਹੈ, ਪਰ ਤੁਸੀਂ ਨਹੀਂ ਜਾਣਦੇ ਇਸ ਹਾਲਤ ਵਿਚ ਮੋਟੇ ਕਪੜੇ(ਨਾਈਲੋਨ ਜ਼ਿਆਦਾ ਲੇਅਰਾਂਵਾਲਾ) ਵਾਲਾ ਪਾਇਆ ਹੋਇਆ ਮਾਸਕ ਵੀ ਸਾਹਮਣੇ ਵਾਲੇ ਇਨਫੈਕਸ਼ਨ ਤੋਂ ਬਚ ਸਕਦਾ ਹੈ।

ਜ਼ਿਆਦਾ ਖਤਰਾ ਰੋਗੀ ਦੁਆਰਾ ਵਸਤਾਂ ਨੂੰ ਛੂਹਣ ਅਤੇ ਫਿਰ ਤੰਦਰੁਸਤ ਦੁਆਰਾ ਸੰਕਰਮਿਤ ਵਸਤਾਂ ਟਚ ਕਰਨ ਤੋਂ ਬਾਅਦ ਆਪਣੇ ਹੱਥ ਨੱਕ-ਮੂੰਹ ਨੂੰ ਬਿਨਾ ਹਥਾਂ ਨੂੰ ਧੋਤੇ ਟਚ ਕਰਨਾ ਹੈ, ਜੋ ਖਤਰੇ ਤੋਂ ਖਾਲੀ ਨਹੀਂ। ਇਸ ਲਈ ਘਰ ਤੋਂ ਬਾਹਰ ਹਮੇਸ਼ਾ ਡਿਸਪੋਜ਼ੇਬਲ ਗਲੱਬਸ ਇਸਤੇਮਾਲ ਕਰੋਂ।

ਇਨਫੈਕਸ਼ਨ ਤੋਂ ਬਚਣ ਤੇ ਫੈਲਣ ਲਈ ਡਿਸਪੋਜ਼ੇਬਲ ਗਲੱਬਸ ਦੀ ਵਰਤੋਂ ਘਰ ਤੋਂ ਬਾਹਰ ਗਰੋਸਰੀ ਸਟੋਰ ਅੰਦਰ ਖਰੀਦਦਾਰੀ ਕਰਕੇ ਆਪਣੀ ਕਾਰ ਅੰਦਰ ਸਮਾਨ ਰੱਖਣ ਤੱਕ ਅਤੇ ਗੱਡੀ ਅੰਦਰ ਗੈਸ ਭਰਨ ਵੇਲੇ, ਏਟੀਐਮ ਇਸਤੇਮਾਲ ਕਰਨ ਤੋਂ ਬਾਅਦ ਗਲੱਬਸ ਗਾਰਬੇਜ਼ ਕਰ ਦਿਓ।

ਨੋਟ: ਆਪਣਾ ਫੇਸ ਮਾਸਕ ਉਤਾਰਨ ਤੋਂ ਬਾਅਦ ਹੱਥਾਂ ਨੂੰ ਸਾਬੁਨ ਨਾਲ ਕਲੀਨ ਕਰਕੇ ਚੰਗੇ ਸੇਨੀਟਾਈਜ਼ਰ(ਘੱਟੋ ਘੱਟ 60% ਅਲਕੋਹਲ ਵਾਲਾ) ਦੀ ਵਰਤੋਂ ਕਰਨ ਦੀ ਆਦਤ ਪਾ ਲਵੋ।

ਅਨਿਲ ਧੀਰ
ਕਾਲਮਨਿਸਟ ਅਲਟਰਨੇਟਿਵ ਥੇਰਾਪਿਸਟ

# ਮੋਹ 'ਚ ਭਿੱਜੀ ਪੁਸਤਕ ਦਾ ਦੁਖਾਂਤ

-ਦਰਸ਼ਨ ਸਿੰਘ

ਸਕੂਲ ਵਿੱਚ ਪੜ੍ਹਦੇ ਸਮੇਂ ਸਾਨੂੰ ਇੱਕ ਸਿਖਿਆ ਇਹ ਵੀ ਮਿਲੀ ਸੀ ਕਿ ਅੱਜ ਦਾ ਕੰਮ ਕੱਲ੍ਹ 'ਤੇ ਛੱਡਣਾ ਨਿਰੀ ਮੂਰਖਤਾ ਹੈ। ਮੇਰੀ ਕੋਸ਼ਿਸ਼ ਹਮੇਸ਼ਾ ਇਸ ਗੱਲ ਨੂੰ ਪੱਲੇ ਬੰਨ੍ਹ ਕੇ ਇਸ ਉਪਰ ਅਮਲ ਕਰਨ ਦੀ ਹੀ ਰਹੀ, ਪਰ ਕਰਮ ਸਿੰਘ ਨੂੰ ਮਿਲਣ ਬਾਰੇ ਸੋਚਦਿਆਂ 'ਮੈਂ ਅੱਜ ਨਹੀਂ, ਕੱਲ੍ਹ ਦੇਖਾਂਗਾ' ਦੀ ਰਟ ਲਾਉਂਦਾ ਰਿਹਾ। ਕਰਮ ਸਿੰਘ ਮੇਰੇ ਪਿਤਾ ਦਾ ਪੱਗ-ਵੱਟ ਭਰਾ ਸੀ। ਉਹ ਪੰਦਰਾਂ ਵੀਹ ਦਿਨਾਂ ਪਿੱਛੋਂ ਸਾਡੇ ਘਰ ਗੇੜਾ ਜ਼ਰੂਰ ਮਾਰਦਾ। ਗੰਨੇ, ਛੱਲੀਆਂ, ਸਾਗ ਜਾਂ ਰੁੱਤ ਮੁਤਾਬਕ ਉਹ ਕੁਝ ਨਾ ਕੁਝ ਜ਼ਰੂਰ ਸਾਡੇ ਲਈ ਲੈ ਆਉਂਦਾ। ਸਾਈਕਲ ਨੂੰ ਕੰਧ ਨਾਲ ਖੜ੍ਹਾ ਕਰ ਕੇ ਹੱਥ ਜੋੜ ਕੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਲੰਮੀ ਹੇਕ ਵਿੱਚ ਆਖਦਾ। ਘਰ ਦੇ ਸਾਰੇ ਜੀਅ ਉਸ ਨੂੰ ਦੇਖ ਕੇ ਖੁਸ਼ੀ ਵਿੱਚ ਫੁੱਲੇ ਨਾ ਸਮਾਉਂਦੇ, ਪਰ ਮੈਂ ਉਸ ਦੀ ਆਵਾਜ਼ ਕੰਨੀਂ ਪੈਂਦਿਆਂ ਹੀ ਚੁਬਾਰੇ ਜਾ ਚੜ੍ਹਦਾ ਸੀ।

ਮੇਰੇ ਗੰਭੀਰ ਸੁਭਾਅ ਨੂੰ ਕਰਮ ਸਿੰਘ ਦਾ ਖੁੱਲ੍ਹਾ-ਡੁੱਲ੍ਹਾ ਮਖੌਲੀਆ ਸੁਭਾਅ ਰਾਸ ਨਹੀਂ ਸੀ ਆਉਂਦਾ। ਉਹ ਹਰ ਗੱਲ ਬਿਨਾਂ ਵਜ੍ਹਾ ਘਸੀਟੀ ਜਾਂਦਾ। ਪੜ੍ਹਾਈ ਦਾ ਹਾਲ ਪੁੱਛਦੇ ਸਮੇਂ ਮੈਨੂੰ 'ਚਾਲੇ' ਠੀਕ ਰੱਖਣ ਲਈ ਆਖਦਾ। ਕਈ ਵਾਰ ਉਸ ਨੇ ਮੈਨੂੰ ਇਹ ਵੀ ਕਿਹਾ, 'ਥੋੜ੍ਹਾ ਹੱਸਿਆ ਵੀ ਕਰ। ਸਿਹਤ ਠੀਕ ਰਹੂ। ਐਵੇਂ ਮੂੰਹ ਮੀਚੀ ਰੱਖਦੈਂ ਹਰ ਵੇਲੇ।' ਮੈਨੂੰ ਉਸ ਦੀ ਹਰ ਗੱਲ 'ਚੋਂ ਘੁਟਨ ਮਹਿਸੂਸ ਹੁੰਦੀ। ਉਸ ਦੀਆਂ ਆਖੀਆਂ ਕਿੰਨੀਆਂ ਹੀ ਗੱਲਾਂ ਮੇਰੇ ਚੇਤੇ ਵਿੱਚ ਸਨ। ਉਸ ਕੋਲੋਂ ਮੇਰੀ ਦੂਰੀ ਦੀ ਮੁੱਖ ਵਜ੍ਹਾ ਇਹੋ ਗੱਲਾਂ ਸਨ ਅਤੇ ਇਸ ਕਰ ਕੇ ਹੀ ਮੈਂ ਸਦਾ ਉਸ ਕੋਲੋਂ ਕੰਨੀਂ ਕਤਰਾਉਂਦਾ ਸੀ।

ਬਚਪਨ ਤੋਂ ਬਾਅਦ ਜਵਾਨੀ ਵਿੱਚ ਪੈਰ ਧਰਨ ਤੱਕ ਨਾ ਮੈਂ ਆਪਣੇ ਆਪ ਨੂੰ ਉਸ ਦੇ ਸੁਭਾਅ ਅਨੁਸਾਰ ਢਾਲ ਸਕਿਆ ਅਤੇ ਨਾ ਉਹ ਮੇਰੇ ਅਨੁਕੂਲ ਹੋਇਆ। ਉਸ ਦੀ ਸਲਾਹ ਬਿਨਾਂ ਇੱਕ ਕਦਮ ਨਾ ਮੇਰਾ ਪਿਓ ਚਲਦਾ ਸੀ ਤੇ ਨਾ ਮੇਰੀ ਬੇਬੇ। ਜਦੋਂ ਮੇਰੀ ਮੰਗਣੀ ਦੀ ਗੱਲ ਚੱਲੀ ਤਾਂ ਕਰਮ ਸਿੰਘ ਕਹਿਣ ਲੱਗਾ, 'ਇਸ ਨੂੰ ਰਿਸ਼ਤਾ ਕੌਣ ਦੇਊ। ਲੱਤਾਂ ਤਾਂ ਬੱਕਰੀ ਵਰਗੀਆਂ ਨੇ।' ...ਪਰ ਝੱਟ ਗੱਲ ਦਾ ਪਾਸਾ ਪਰਤਾਉਂਦਿਆਂ ਕਹਿਣ ਲੱਗਾ, 'ਚਾਹ ਪਾਣੀ ਵਿੱਚ ਕੋਈ ਕਸਰ ਨ੍ਹੀਂ ਰਹਿਣ ਦੇਣੀ ਆਪਾਂ। ਮਸਾਂ ਮਸਾਂ ਕੁੜੀ ਵਾਲੇ ਰਾਹ ਭੁੱਲੇ ਨੇ।' ਉਸ ਦੀ ਗੱਲ ਸੁਣ ਕੇ ਹੱਸਦਿਆਂ ਸਾਰਿਆਂ ਦੀਆਂ ਵੱਖੀਆਂ ਟੁੱਟਣ ਲੱਗੀਆਂ ਸਨ।

ਸਮੇਂ ਦੇ ਬੀਤਣ ਨਾਲ ਮੈਨੂੰ ਨੌਕਰੀ ਮਿਲ ਗਈ। ਮੇਰਾ ਘਰ ਆਉਣਾ ਜਾਣਾ ਹੋਰ ਘਟ ਗਿਆ। ਕਰਮ ਸਿੰਘ ਦੀ ਉਮਰ ਵੀ ਢਲਣ ਲੱਗੀ। ਉਸ ਦੇ ਗੋਡੇ ਚੱਲਣੋਂ ਜਵਾਬ ਦੇ ਗਏ ਸਨ। ਹੱਡੀਆਂ ਪੀੜ ਕਰਦੀਆਂ ਰਹਿੰਦੀਆਂ। ਦਵਾਈਆਂ ਉਸ ਦੇ ਜੀਵਨ ਦਾ ਸਹਾਰਾ ਹੋ ਗਈਆਂ। ਬੇਬੇ ਬਾਪੂ ਉਸ ਨੂੰ ਪਿੰਡ ਜਾ ਕੇ ਮਿਲ ਆਉਂਦੇ। ਬੇਬੇ ਦੱਸਦੀ, 'ਬਹੁਤ ਮਾੜਾ ਪੈ ਗਿਆ ਹੁਣ ਤਾਂ। ਬੜਾ ਯਾਦ ਕਰਦੈ ਤੈਨੂੰ।' ਮੈਂ ਕਹਿੰਦਾ, 'ਹੋ ਸਕਿਆ ਤਾਂ ਕੱਲ੍ਹ ਉਸ ਕੋਲ ਹੋ ਆਵਾਂਗਾ।' ਇੰਜ ਮੈਂ ਕੱਲ੍ਹ-ਕੱਲ੍ਹ ਕਰਦਿਆਂ ਦਿਨ, ਮਹੀਨੇ ਤੇ ਵਰ੍ਹੇ ਲੰਘਾ ਦਿੱਤੇ। ਇੱਕ ਦਿਨ ਅਚਾਨਕ ਬੇਬੇ ਦਾ ਸੁਨੇਹਾ ਆਇਆ ਕਿ ਕਰਮ ਸਿੰਘ ਗੁਜ਼ਰ ਗਿਆ। ਇਹ ਸੁਣਦਿਆਂ ਮੇਰਾ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਬਾਪੂ ਕਈ ਦਿਨਾਂ ਤੋਂ ਉਸ ਦੇ ਪਿੰਡ ਹੀ ਗਿਆ ਹੋਇਆ ਸੀ। 'ਕੀ ਹੋਇਆ? ਮੈਂ ਬੇਬੇ ਨੂੰ ਪੁੱਛਿਆ। ਬੇਬੇ ਕੁਝ ਨਾ ਬੋਲੀ। ਉਹ ਰੋਣ ਲੱਗ ਪਈ ਤੇ ਰੋਂਦੀ ਰਹੀ।

'ਉਸ ਨੇ ਤੇਰਾ ਬੜਾ ਰਾਹ ਦੇਖਿਆ। ਅੱਖਾਂ ਭਰ ਕੇ ਆਖਦਾ ਸੀ, ਪੁੱਤ ਮੇਰਾ ਆਇਆ ਨ੍ਹੀਂ ਮਿਲਣ। ਕੱਲ੍ਹ ਕੱਲ੍ਹ ਕਰਦਾ ਰਹਿੰਦਾ। ਕੱਲ੍ਹ ਵੀ ਦੇਖਿਆ ਕਿਸੇ। ਉਸ ਨੂੰ ਮੇਰੀਆਂ ਗੱਲਾਂ ਚੰਗੀਆਂ ਨ੍ਹੀਂ ਲੱਗਦੀਆਂ। ਹੁਣ ਤਾਂ ਚੁੱਪ ਰਹੂੰ। ਮਿਲੇ ਤਾਂ ਸਹੀ ਇੱਕ ਵਾਰ। ਮੂੰਹ ਤਾਂ ਦਿਖਾਵੇ ਮੈਨੂੰ। ਸ਼ਹਿਰ ਤੋਂ ਦਵਾਈ ਲਿਆਉਂਦੇ ਸਮੇਂ ਤੇਰੇ ਲਈ ਕਿਤਾਬ ਲਿਆਇਆ ਸੀ। ਕਹਿੰਦਾ ਸੀ ਆਪਣੇ ਪਾੜ੍ਹੇ ਪੁੱਤ ਨੂੰ ਹੱਥੀਂ ਦੇਊ, ਪਤਾ ਨਹੀਂ ਕੀ ਸੋਚ ਕੇ ਮੈਨੂੰ ਦੇ ਦਿੱਤੀ।' ਇੰਨਾ ਕਹਿ ਕੇ ਬੇਬੇ ਅੰਦਰੋਂ ਕਿਤਾਬ ਚੁੱਕ ਲਿਆਈ। ਕਿਤਾਬ ਦੇਖਦਿਆਂ ਹੀ ਮੇਰੀਆਂ ਭੁੱਬਾਂ ਨਿਕਲ ਗਈਆਂ।

'ਉਠ ਬੇਬੇ, ਤਾਏ ਦੇ ਪਿੰਡ ਹੁਣੇ ਚੱਲੀਏ', ਸਿਸਕੀਆਂ ਭਰਦਿਆਂ ਮੈਂ ਕਿਹਾ। ਸਾਲਾਂ ਪਿੱਛੋਂ ਹੁਣ ਵੀ ਜਦੋਂ ਮੋਹ 'ਚ ਭਿੱਜੀ ਇਸ ਪੁਸਤਕ ਦੇ ਪੰਨੇ ਪਲਟਦਾ ਹਾਂ ਤਾਂ ਹਰ ਪੰਨੇ ਉਪਰ ਕਰਮ ਸਿੰਘ ਦਾ ਚਿਹਰਾ ਦਿਖਾਈ ਦਿੰਦਾ ਹੈ। ਅਹਿਸਾਸ ਹੁੰਦਾ ਹੈ ਕਿ ਮੈਂ ਅੱਜ ਦਾ ਕੰਮ ਕੱਲ੍ਹ 'ਤੇ ਛੱਡਣ ਦੀ ਕਿੰਨੀ ਭਾਰੀ ਕੀਮਤ ਚੁਕਾ ਰਿਹਾ ਹਾਂ, ਪਰ ਲੰਘਿਆਂ ਵੇਲਾ ਕਦੋਂ ਕਿਸੇ ਦੱ ਹੱਥ ਆਉਂਦਾ ਹੈ।

# ਜਦੋਂ ਸਾਰਾ ਪਿੰਡ ਬੋਲੀਆਂ ਸੁਣਨ ਢੁਕਿਆ

-ਸੁਖਜਿੰਦਰ ਸੋਢੀ ਕੁਰਾਲੀ

ਨੌਜਵਾਨਾਂ ਨੂੰ ਤੱਕ ਕੇ ਅਕਸਰ ਬਜ਼ੁਰਗ ਆਪਣੀ ਜਵਾਨੀ ਦੇ ਦਿਨ ਚੇਤੇ ਕਰਦੇ ਵੇਖੇ ਜਾ ਸਕਦੇ ਹਨ। ਜਵਾਨੀ ਦਾ ਚੜ੍ਹਿਆ ਹੰਕਾਰ ਅਕਸਰ ਮੂਧੇ ਮੂੰਹ ਡਿੱਗਦਾ ਹੈ। ਜੇ ਜਵਾਨੀ ਦੀ ਮਸਤੀ ਦਾ ਅਸਲ ਰੂਪ ਵੇਖਣਾ ਹੋਵੇ ਤਾਂ ਤੁਹਾਨੂੰ ਕਿਸੇ ਵਿਆਹ-ਸ਼ਾਦੀ, ਗਾਇਕੀ ਦੇ ਅਖਾੜੇ, ਦੋਸਤਾਂ ਦੀ ਮਹਿਫਲ ਜਾਂ ਕਲੱਬਾਂ ਦਾ ਗੇੜਾ ਲਾਉਣਾ ਪਵੇਗਾ। ਸਮਾਂ ਬਦਲ ਜਾਣ ਦੇ ਨਾਲ ਇਨਸਾਨ ਦੇ ਰਹਿਣ ਸਹਿਣ ਦੇ ਤੌਰ ਤਰੀਕੇ ਬਦਲ ਚੁੱਕੇ ਹਨ। ਕੋਈ ਸਮਾਂ ਅਜਿਹਾ ਸੀ ਕਿ ਵਿਆਹਾਂ ਵਿੱਚ ਆਏ ਹਰ ਕਿਸੇ ਨਾਲ ਜੀ ਭਰ ਕੇ ਹਾਸਾ-ਮਜ਼ਾਕ ਕਰ ਲਿਆ ਜਾਂਦਾ ਸੀ। ਉਦੋਂ ਕੋਈ ਕਿਸੇ ਦੀ ਗੱਲ ਦਾ ਗੁੱਸਾ ਨਹੀਂ ਸੀ ਕਰਦਾ, ਸਗੋਂ ਹਾਸੇ ਦਾ ਜਵਾਬ ਅੱਗਿਓਂ ਹਾਸੇ ਠੱਠੇ ਵਿੱਚ ਹੀ ਮਿਲਦਾ ਸੀ। ਜਵਾਨੀ ਦੇ ਉਨ੍ਹੀਂ ਦਿਨੀਂ ਮੈਂ ਅਤੇ ਮੇਰੇ ਕੁਝ ਦੋਸਤ ਜਵਾਨੀ ਦੀ ਦਹਿਲੀਜ਼ 'ਤੇ ਪੈਰ ਧਰਨ ਵੇਲੇ ਹਮੇਸ਼ਾ ਖੁਸ਼ ਰਹਿੰਦੇ ਸਾਂ।

ਮੇਰਾ ਸੁਭਾਅ ਹਸਮੁੱਖ, ਪੜ੍ਹਾਈ ਲਿਖਾਈ ਵਿੱਚ ਹੁਸ਼ਿਆਰ, ਸਾਰਿਆਂ ਦੀਆਂ ਸਮੱਸਿਆਵਾਂ ਦਾ ਕੋਈ ਨਾ ਕੋਈ ਹੱਲ ਕੱਢਣ ਅਤੇ ਕੁਝ ਜ਼ਿਆਦਾ ਗਾਲੜੀ ਹੋਣ ਕਰ ਕੇ ਸਾਰੇ ਦੋਸਤਾਂ ਦਾ ਮੇਰੇ ਨਾਲ ਕੁਝ ਜ਼ਿਆਦਾ ਮੋਹ ਸੀ। ਸਾਨੂੰ ਬੱਸ ਇੱਕੋ ਤਾਂਘ ਹੁੰਦੀ ਸੀ ਕਿ ਕਦੋਂ ਇਕੱਠੇ ਹੋਈਏ ਅਤੇ ਦਿਲ ਭਰ ਕੇ ਇਧਰ ਉਧਰ ਦੀਆ ਗੱਲਾਂ ਕਰੀਏ। ਮੇਰੇ ਚਾਰ ਦੋਸਤਾਂ 'ਚੋਂ ਬੇਸ਼ੱਕ ਮੈਂ ਸਾਰਿਆਂ ਤੋਂ ਵੱਡਾ ਸਾਂ, ਪਰ ਬਲਜੀਤ ਸਾਲਾਪੁਰੀਏ ਦਾ ਵਿਆਹ ਮੇਰੇ ਤੋਂ ਪਹਿਲਾਂ ਹੋ ਗਿਆ। ਅੱਲ੍ਹੜ ਉਮਰੇ ਸਾਨੂੰ ਦਲਜੀਤ ਦੇ ਵਿਆਹ ਏਨਾ ਚਾਅ ਸੀ ਕਿ ਜਿਵੇਂ ਸਾਡਾ ਤਿੰਨਾਂ ਦਾ ਆਪਣਾ ਵਿਆਹ ਹੋਵੇ। ਕੰਮ ਧੰਦਿਆਂ ਤੋਂ ਚਾਰ ਪੰਜ ਦਿਨ ਪਹਿਲਾਂ ਹੀ ਛੁੱਟੀਆ ਲੈ ਕੇ ਅਸੀਂ ਬਲਜੀਤ ਦੇ ਪਿੰਡ ਸਾਲਾਪੁਰ ਡੇਰੇ ਲਾ ਲਏ।

ਅਸੀਂ ਸਭ ਨੇ ਵਿਆਹ ਦੀ ਤਿਆਰੀ ਦੇ ਫੁਟਕਲ ਕੰਮ ਆਟਾ ਪਿਹਾਉਣਾ, ਸੌਦਾ ਲਿਆਉਣਾ ਤੇ ਹੋਰ ਇੱਕੜ-ਦੁੱਕੜ ਕੰਮਾਂ ਲਈ ਇਕੱਠੇ ਜਾਣਾ, ਰੋਜ਼ ਰਾਤ ਨੂੰ ਪਿੰਡ ਦੀਆਂ ਕੁੜੀਆਂ-ਤੀਵੀਆਂ ਬਲਜੀਤ ਹੁਰਾਂ ਦੇ ਵਿਹੜੇ ਵਿੱਚ ਆ ਕੇ ਸ਼ਗਨਾਂ ਦੇ ਗੀਤ ਤੇ ਘੋੜੀਆਂ ਗਾਉਂਦੀਆਂ ਤੇ ਅਸੀਂ ਇਨ੍ਹਾਂ ਘੋੜੀਆਂ ਨੂੰ ਨਾਲੋਂ-ਨਾਲ ਗੁਣਗੁਣਾਉਂਦੇ ਰਹਿੰਦੇ। ਲਿਖਣ ਦਾ ਸ਼ੌਕ ਬਚਪਨ ਤੋਂ ਮੈਨੂੰ ਤੇ ਅਵਤਾਰ ਨਗਲੀਆ ਨੂੰ ਸੀ, ਇਸੇ ਲਈ ਸਭਿਆਚਾਰ ਦਾ ਅਨਿੱਖੜਵਾਂ ਅੰਗ ਸਿੱਠਣੀਆਂ ਅਤੇ ਬੋਲੀਆਂ ਸਾਨੂੰ ਮੂੰਹ ਜ਼ੁਬਾਨੀ ਰਟੀਆਂ ਹੋਈਆਂ ਸਨ। ਵਿਆਹ ਤੋਂ ਦੋ ਦਿਨ ਪਹਿਲਾਂ ਹਲਵਾਈ ਨੇ ਭੱਠੀ ਚਾੜ੍ਹੀ ਤਾਂ ਸਮਝੋ ਵਿਆਹ ਸ਼ੁਰੂ ਹੋ ਗਿਆ। ਅਸੀਂ ਚਾਈਂ ਚਾਈਂ ਸਪੀਕਰ ਵਾਲੇ ਭਾਈ ਦਾ ਸਾਥ ਦੇ ਕੇ ਉਸੇ ਦਿਨ ਕੋਠਿਆਂ 'ਤੇ ਦੋ ਮੰਜੇ ਜੋੜ ਕੇ ਸਪੀਕਰ ਬੰਨ੍ਹ ਦਿੱਤੇ, ਜੋ ਪਹੁ ਫੁਟਾਲੇ ਤੋਂ ਰਾਤ ਦੇ 10 ਵਜੇ ਤੱਕ ਇੱਕੋ ਸੁਰ 'ਚ ਵੱਜਦੇ ਰਹਿੰਦੇ।

ਵਿਆਹ ਦੇ ਮੇਲ ਵਾਲੇ ਦਿਨ ਰਿਸ਼ਤੇਦਾਰ ਕਤਾਰਾਂ ਬੰਨ੍ਹ-ਬੰਨ੍ਹ ਕੇ ਬਲਜੀਤ ਦੇ ਘਰ ਪਹੁੰਚਣੇ ਸ਼ੁਰੂ ਹੋ ਗਏ। ਬਲਜੀਤ ਦੇ ਨਾਨਕੇ ਮੇਰੇ ਜ਼ੱਦੀ ਪਿੰਡ ਹਿਰਦਾਪੁਰ ਖੇੜੀ ਦੇ ਲਾਗਲੇ ਪਿੰਡ ਖਾਨਪੁਰ ਪੁਰਖਾਲੀ ਵਿਖੇ ਹੋਣ ਕਰ ਕੇ ਉਸ ਦੇ ਮਾਮੇ ਦੇ ਮੁੰਡੇ ਸਾਡੀ ਚਾਰਾਂ ਦੀ ਟੋਲੀ ਵਿੱਚ ਸ਼ਾਮਲ ਹੋ ਗਏ। ਉਨ੍ਹੀਂ ਦਿਨੀਂ ਹਾਲੇ ਡੀ ਜੇ ਪਿੰਡਾਂ ਵਿੱਚ ਪ੍ਰਚਲਿਤ ਨਹੀਂ ਸੀ ਹੋਇਆ। ਸ਼ਾਮ ਹੋਈ, ਵਾਜਾ ਵੱਜਿਆ ਅਤੇ ਖੂਬ ਭੰਗੜਾ ਪਿਆ। ਉਸ ਮਗਰੋਂ ਗਿੱਧੇ ਦੀ ਵਾਰੀ ਆਈ। ਕੁੜੀਆਂ-ਤੀਵੀਆਂ ਬੋਲੀਆਂ ਪਾ ਕੇ ਤਾੜੀਆਂ ਦੀ ਤਾਲ 'ਤੇ ਨੱਚ-ਨੱਚ ਦੂਹਰੀਆਂ ਹੋ ਰਹੀਆਂ ਸਨ ਕਿ ਅਚਾਨਕ ਬਿਜਲੀ ਚਲੀ ਗਈ। ਰਾਤ ਦੇ ਕੋਈ ਸਾਢੇ ਕੁ ਦਸ ਵਜੇ ਦਾ ਸਮਾਂ ਹੋਵੇਗਾ।

ਸ਼ਹਿਰ ਦੇ ਸ਼ੋਰ ਸ਼ਰਾਬੇ ਤੋਂ ਕੋਹਾਂ ਦੂਰ ਅਤੇ ਪਿੰਡ ਦਾ ਸ਼ਾਂਤਮਈ ਵਾਤਾਵਰਣ ਹੋਣ ਕਰ ਕੇ ਸਾਰੇ ਪਾਸੇ ਮਾਹੌਲ ਇਕ-ਦਮ ਸ਼ਾਂਤਮਈ ਹੋ ਗਿਆ। ਬਿਜਲੀ ਆਉਣ ਦੀ ਉਡੀਕ ਵਿੱਚ ਬੈਠੇ ਮੈਂ ਤੇ ਅਵਤਾਰ ਮੱਧਮ ਜਿਹੀ ਆਵਾਜ਼ ਵਿੱਚ ਬੋਲੀਆਂ ਪਾ ਰਹੇ ਸਾਂ। ਸਾਨੂੰ ਪਤਾ ਹੀ ਨਾ ਲੱਗਾ ਕਿ ਕਦੋਂ ਸਾਡੇ ਮਸ਼ਕਰੇ ਦੋਸਤ ਜੋਰਾ ਫਾਟਵਾਂ ਨੇ ਬੈਟਰੀ 'ਤੇ ਸਪੀਕਰ ਚਲਾ ਕੇ ਮਾਈਕ ਸਾਡੇ ਅੱਗੇ ਰੱਖ ਦਿੱਤਾ। ਅਸੀਂ ਲਗਾਤਾਰ ਬੋਲੀਆਂ ਪਾਈ ਜਾ ਰਹੇ ਸਾਂ ਕਿ ਏਨੇ ਨੂੰ ਸਪੀਕਰ ਵਿੱਚ ਬੋਲੀਆਂ ਸੁਣ ਕੇ ਆਸੇ ਪਾਸੇ ਬਿਜਲੀ ਆਉਣ ਦੀ ਉਡੀਕ ਵਿੱਚ ਖਿੰਡ ਕੇ ਬੈਠੀਆਂ ਤੀਵੀਆਂ ਅਤੇ ਕੁੜੀਆਂ ਵੀ ਸਾਡੇ ਦੁਆਲੇ ਇਕੱਠੀਆਂ ਹੋ ਗਈਆਂ। ਸਾਡਾ ਉਨ੍ਹਾਂ ਤੀਵੀਆਂ ਨਾਲ ਸਿੱਠਣੀਆਂ ਅਤੇ ਬੋਲੀਆਂ ਦਾ ਮੁਕਾਬਲਾ ਜਿਹਾ ਸ਼ੁਰੂ ਹੋ ਗਿਆ। ਸਾਂ-ਸਾਂ ਕਰਦੇ ਪਿੰਡ ਵਿੱਚ ਸਪੀਕਰਾਂ ਰਾਹੀਂ ਸਾਡੀ ਆਵਾਜ਼ ਗੂੰਜਣ ਕਰ ਕੇ ਬਦੋਬਦੀ ਪਿੰਡ ਦੇ ਲੋਕ ਸਾਡੀਆਂ ਬੋਲੀਆਂ ਸੁਣਨ ਲਈ ਬਲਜੀਤ ਦੇ ਘਰ ਵੱਲ ਨੂੰ ਆ ਰਹੇ ਸਨ। ਵਿਹੜੇ ਵਿੱਚ ਸਾਡੇ ਦੁਆਲੇ ਰਿਸ਼ਤੇਦਾਰਾਂ ਅਤੇ ਪਿੰਡ ਵਾਸੀਆਂ ਦੀ ਭੀੜ ਲੱਗ ਗਈ। ਅਸੀਂ ਲਗਾਤਾਰ ਬੋਲੀਆਂ ਪਾਈ ਜਾ ਰਹੇ ਸਾਂ ਤੇ ਬਲਜੀਤ ਦੀ ਰਿਸ਼ਤੇਦਾਰੀ ਵਿੱਚੋਂ ਕੁਝ ਤੀਵੀਆਂ ਸਾਡੇ ਨਾਲ ਗਾਉਣ ਲੱਗ ਪਈਆਂ। ਕਿੰਨਾ ਚਿਰ ਇਹ ਮਹਿਫਲ ਇਸੇ ਤਰ੍ਹਾਂ ਸਜੀ ਰਹੀ।

ਬੇਸ਼ੱਕ ਅੱਜ ਆਪੋ ਆਪਣੇ ਕੰਮਾਂ ਕਾਰਾਂ ਵਿੱਚ ਰੁੱਝੇ ਹੋਣ ਕਰ ਕੇ ਸਾਡੀ ਮੁਲਾਕਾਤ ਘੱਟ ਹੁੰਦੀ ਹੈ, ਪਰ ਕਿਸੇ ਦੇ ਵੀ ਵਿਆਹ 'ਤੇ ਜਾਣ ਸਮੇਂ ਬਲਜੀਤ ਦੇ ਵਿਆਹ ਦੀ ਇਹ ਅਭੁੱਲ ਯਾਦ ਅਕਸਰ ਤਾਜ਼ਾ ਹੋ ਜਾਂਦੀ ਹੈ।

## ਹਲਕਾ ਫੁਲਕਾ

ਇਕ ਵਾਰ ਅਮਰੀਕਾ 'ਚ ਇਕ ਜਹਾਜ਼ ਖਰਾਬ ਮੌਸਮ ਦੇ ਚੱਲਦੇ ਗੋਤੇ ਖਾਣ ਲੱਗਾ। ਜਹਾਜ਼ ਦਾ ਪਾਇਲਟ ਆਪਣਾ ਸਾਰਾ ਤਜਰਬਾ ਅਤੇ ਕੌਸ਼ਲ ਲਗਾ ਕੇ ਪਹਾੜਾਂ ਦੇ ਵਿਚੋਂ-ਵਿੱਚ ਬਚਦੇ ਬਚਾਉਂਦੇ ਟੇਢੇ ਮੇਢੇ ਕੱਟ ਮਾਰ ਕੇ ਜਹਾਜ਼ ਨੂੰ ਬਚਾ ਕੇ ਏਅਰਪੋਰਟ ਲੈ ਆਇਆ। ਲੋਕਾਂ ਨੇ ਉਸ ਤੋਂ ਪੁੱਛਿਆ ਕਿ ਅਜਿਹਾ ਟੈਲੇਂਟ ਤੇ ਤਜਰਬਾ ਕਿੱਥੋਂ ਪ੍ਰਾਪਤ ਕੀਤਾ। ਉਹ ਬੋਲਿਆ, ''ਇਸ ਤੋਂ ਪਹਿਲਾਂ ਮੈਂ ਲੁਧਿਆਣਾ ਵਿੱਚ ਆਟੋ ਰਿਕਸ਼ਾ ਚਲਾਉਂਦਾ ਸੀ।''

********

ਪਤਨੀ (ਪਤੀ ਨੂੰ) ਕੋਈ ਨਵਾਂ ਸ਼ੇਅਰ ਸੁਣਾਓ?''
ਪਤੀ, ''ਸੰਗਮਰਮਰ ਤੋਂ ਤਰਾਸ਼ਿਆ ਖੁਦਾ ਨੇ ਤੇਰੇ ਬਦਨ ਨੂੰ।''
ਪਤਨੀ (ਖੁਸ਼ੀ ਨਾਲ), ''ਅੱਗੇ?''
ਪਤੀ, ''ਬਾਕੀ ਬਚਿਆ ਪੱਥਰ ਉਸ ਨੇ ਤੇਰੀ ਅਕਲ 'ਤੇ ਰੱਖ ਦਿੱਤਾ।''

********

ਇਕ ਵਾਰ ਇਕ ਚੂਹੀ ਨੇ ਆਪਣੇ ਪ੍ਰੇਮੀ ਚੂਹੇ ਦੀ ਬਹਾਦਰੀ ਦੀ ਪ੍ਰੀਖਿਆ ਲੈਣ ਲਈ ਉਸ ਨੂੰ ਕਿਹਾ, ''ਜੇ ਤੂੰ ਮੈਨੂੰ ਪਿਆਰ ਕਰਦਾ ਏਂ ਤਾਂ ਮੇਰੇ ਲਈ ਪਿੰਜਰੇ ਵਿੱਚੋਂ ਰੋਟੀ ਕੱਢ ਲਿਆ।''
ਚੂਹਾ, ''ਮੈਂ ਨਹੀਂ ਜਾਣਾ।''
ਚੂਹੀ, ''ਕਿਉਂ ਨਹੀਂ ਜਾਣਾ?''
ਚੂਹਾ, ''ਸਾਡੀ ਮਾਂ ਨੂੰ ਪੁੱਤ ਨਹੀਂ ਲੱਭਣੇ, ਤੈਨੂੰ ਯਾਰ ਬਥੇਰੇ।''

********

ਇਕ ਵਾਰ ਇਕ ਪ੍ਰੋਫੈਸਰ ਨੇ ਬਾਇਓਲੋਜੀ ਦੀ ਪ੍ਰੈਕਟੀਕਲ ਕਲਾਸ ਵਿੱਚ ਇਕ ਪੰਛੀ ਦੀ ਲੱਤ ਦਿਖਾ ਕੇ ਪੁੱਛਿਆ, 'ਦੱਸੋ, ਇਹ ਕਿਸ ਦੀ ਲੱਤ ਹੈ?''
ਵਿਦਿਆਰਥੀ ਬੋਲਿਆ, ''ਮੈਂ ਸਿਰਫ ਲੱਤ ਦੇਖ ਕੇ ਕਿਵੇਂ ਦੱਸ ਸਕਦਾ ਹਾਂ, ਸਰ?''
ਪ੍ਰੋਫੈਸਰ ਚੀਕਿਆ, ''ਨਾਲਾਇਕ, ਇੰਨਾ ਵੀ ਨਹੀਂ ਪਤਾ? ਬਾਇਓਲੋਜੀ ਦੇ ਪੇਪਰ ਵਿੱਚ ਤੈਨੂੰ ਜ਼ੀਰੋ ਮਿਲਦਾ ਹੈ। ਤੂੰ ਆਪਣਾ ਨਾਂ ਦੱਸ।''
ਵਿਦਿਆਰਥੀ ਨੇ ਆਪਣੀ ਲੱਤ ਦਿਖਾ ਕੇ ਮਾਸੂਮੀਅਤ ਨਾਲ ਕਿਹਾ, ''ਸਰ, ਇਹ ਦੇਖੋ ਮੇਰੀ ਲੱਤ ਤੇ ਖੁਦ ਹੀ ਜਾਣ ਲਓ ਕਿ ਮੇਰਾ ਨਾਂ ਕੀ ਹੈ।''

********

ਵਕੀਲ, ''ਡਾਕਟਰ ਕਦੇ ਗਲਤੀ ਕਰਦੇ ਹਨ ਜਾਂ ਨਹੀਂ?''
ਡਾਕਟਰ, ''ਵਕੀਲਾਂ ਵਾਂਗ ਉਨ੍ਹਾਂ ਕੋਲੋਂ ਵੀ ਗਲਤੀਆਂ ਹੁੰਦੀਆਂ ਹਨ।''
ਵਕੀਲ, ''...ਪਰ ਡਾਕਟਰ ਦੀ ਗਲਤੀ ਆਦਮੀ ਨੂੰ ਜ਼ਮੀਨ ਵਿੱਚ ਛੇ ਫੁੱਟ ਹੇਠਾਂ ਗੱਡ ਦਿੰਦੀ ਹੈ।''
ਡਾਕਟਰ, ''ਵਕੀਲ ਦੀ ਗਲਤੀ ਨਾਲ ਆਦਮੀ ਨੂੰ ਹਵਾ ਵਿੱਚ ਛੇ ਫੁੱਟ ਉਚਾ ਲਟਕਣਾ ਪੈ ਜਾਂਦਾ ਹੈ।''

********

ਪਤੀ ਪਿਕਨਿਕ 'ਤੇ ਪਤਨੀ ਨੂੰ ਸ਼ਮਸ਼ਾਨਘਾਟ ਲੈ ਆਇਆ।
ਪਤਨੀ, ''ਇਹ ਕਿੱਥੇ ਲੈ ਕੇ ਆ ਗਏ ਜੀ?''
ਪਤੀ, ''ਓ ਪਾਗਲ, ਲੋਕ ਮਰਦੇ ਹਨ ਇਥੇ ਆਉਣ ਲਈ ਤੇ ਤੂੰ ਕਹਿ ਰਹੀ ਹੈ ਕਿ ਕਿਥੇ ਲੈ ਆਏ ਹੋ।''

ਕਾਮਿਆਂ ਦੀ ਲੋੜ
ਨਰਸਰੀ ਵਿੱਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ। ਰੋਜਾਨਾ ਕੰਮ ਅਤੇ ਚੰਗੀ ਪੇਅ ਦਿੱਤੀ ਜਾਵੇਗੀ।
ਰਾਈਡ ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
647-764-3637

ਕਾਮਿਆਂ ਦੀ ਲੋੜ
ਫਾਰਮ ਵਿੱਚ ਕੰਮ ਕਰਨ ਲਈ ਕਾਮਿਆ ਦੀ ਤੁਰੰਤ ਜਰੂਰਤ ਹੈ। Pickup ਅਤੇ Drop off ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
ਸੂਬੇਦਾਰ ਜਾਂ ਅਵਤਾਰ ਸਿੰਘ
647-400-0060
ਬਲਬੀਰ: 289-541-5384
ਵੈਨ ਡਰਾਈਵਰ ਦੀ ਲੋੜ ਹੈ। ਤੁਸੀ ਆਪਣੀ ਕਾਰ ਲੈ ਕੇ ਵੀ ਬਰਲਿੰਗਟਨ, ਓਕਵਿੱਲ ਅਤੇ ਮੀਲਟਨ ਜਾ ਸਕਦੇ।


ਹੈਲਪਰ ਦੀ ਲੋੜ ਹੈ
Construction Company
FULL TIME WORK
416-618-3358 | 905-789-7783




BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005







AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh



416.670.3173 | 905.799.7333
27 Edvac Dr, Brampton, ON L6S 5X8

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇਨਸਟ੍ਰਕਟਰ
- ਮੁਫਤ ਪਿਕਅਪ ਅਤੇ ਡਰਾਪ ਆਫ
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
647-998-7500 ਬਲਵਿੰਦਰ



Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976





PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com






# ਲੋਕ ਹਿਰਦਿਆਂ ਵਿੱਚ ਸਦਾ ਜਿਊਂਦਾ ਰਹੇਗਾ ਨੰਦ ਲਾਲ ਨੂਰਪੁਰੀ

-ਪ੍ਰੋਫੈਸਰ ਨਵ ਸੰਗੀਤ

'ਗੋਰੀ ਦੀਆਂ ਝਾਂਜਰਾਂ ਬੁਲਾਉਂਦੀਆਂ', 'ਪੈਰ ਧੋ ਕੇ ਝਾਂਜਰਾਂ ਪਾਉਂਦੀ', 'ਕੈਂਠੇ ਵਾਲਾ ਆ ਗਿਆ ਪ੍ਰਾਹੁਣਾ', 'ਮੈਨੂੰ ਦਿਓਰ ਦੇ ਵਿਆਹ ਵਿੱਚ ਨੱਚ ਲੈਣ ਦੇ', 'ਘੁੰਡ ਕੱਢ ਲੈ ਪਤਲੀਏ ਨਾਰੇ', 'ਕੌਣ ਆਖੂ ਜ਼ੈਲਦਾਰਨੀ' ਆਦਿ ਛੇ ਦਰਜਨ ਸਦਾਬਹਾਰ ਗੀਤਾਂ ਦੇ ਗੀਤਕਾਰ ਨੰਦ ਲਾਲ ਨੂਰਪੁਰੀ ਆਪਣੇ ਸਮੇਂ ਦੇ ਸਿਰਕੱਢ ਕਵੀ ਸਨ। ਉਨ੍ਹਾਂ ਗੀਤਾਂ ਤੋਂ ਇਲਾਵਾ ਕਵਿਤਾ ਤੇ ਗਜ਼ਲਾਂ ਵੀ ਲਿਖੀਆਂ। ਲੋਕ ਗੀਤਾਂ ਜਿਹੇ ਇਸ ਕਵੀ ਦਾ ਜਨਮ 1906 'ਚ ਪਿੰਡ ਨੂਰਪੁਰ, ਜ਼ਿਲਾ ਲਾਇਲਪੁਰ ਪਾਕਿ-ਸਤਾਨ 'ਚ ਪਿਤਾ ਬਿਸ਼ਨ ਸਿੰਘ ਤੇ ਮਾਤਾ ਹੁਕਮ ਦੇਈ ਦੇ ਘਰ ਹੋਇਆ। ਮੈਟ੍ਰਿਕ ਦੀ ਪ੍ਰੀਖਿਆ ਖਾਲਸਾ ਹਾਈ ਸਕੂਲ ਲਾਇਲਪੁਰ ਤੋਂ ਪਾਸ ਕਰਨ ਪਿੱਛੋਂ ਉਨ੍ਹਾਂ ਖਾਲਸਾ ਕਾਲਜ ਵਿਖੇ ਦਾਖਲਾ ਲੈ ਲਿਆ।



ਇਹ ਰਾਜਸੀ ਉਥਲ-ਪੁਥਲ ਦਾ ਸਮਾਂ ਸੀ। ਨਾ-ਮਿਲਵਰਤਨ ਲਹਿਰ, ਅਕਾਲੀ ਲਹਿਰ, ਪ੍ਰਗਤੀਵਾਦੀ ਲਹਿਰ ਦੇ ਨਾਲ ਕਾਮਾਗਾਟਾ ਮਾਰੂ, ਬਜਬਜ ਘਾਟ ਤੇ ਜਲ੍ਹਿਆਂਵਾਲਾ ਬਾਗ ਵਰਗੇ ਸਾਕੇ ਵਾਪਰ ਕੇ ਹਟੇ ਸਨ। ਦੇਸ਼ ਭਗਤੀ ਅਤੇ ਕਵੀ ਦਰਬਾਰਾਂ ਦੇ ਇਸ ਯੁੱਗ ਵਿੱਚ ਸ਼ਰਫ, ਹਮਦਮ, ਦਾਮਨ, ਤੀਰ ਰਗੇ ਸ਼ਾਇਰ ਵੀ ਹੀਰਾ ਸਿੰਘ ਦਰਦ ਅਤੇ ਗੁਰਮੁਖ ਸਿੰਘ ਮੁਸਾਫਰ ਵਰਗੇ ਰਾਜਸੀ ਕਵੀਆਂ ਦੀ ਸ਼੍ਰੇਣੀ ਵਿੱਚ ਆ ਸ਼ਾਮਲ ਹੋਏ। ਮੌਲਾ ਬਖਸ਼ ਕੁਸ਼ਤਾ ਅਤੇ ਧਨੀ ਰਾਮ ਚਾਤ੍ਰਿਕ ਜਿਹੇ ਉਸਤਾਦ ਕਵੀਆਂ ਦੇ ਪ੍ਰਭਾਵ ਹੇਠ ਨੰਦ ਲਾਲ ਨੂਰਪੁਰੀ ਵੀ ਇਨ੍ਹਾਂ ਲਹਿਰਾਂ ਤੋਂ ਅਭਿੱਜ ਨਾ ਰਹਿ ਸਕੇ।

ਕਵੀ ਦਰਬਾਰਾਂ 'ਚ ਹਿੱਸਾ ਲੈਣ ਕਰ ਕੇ ਉਨ੍ਹਾਂ ਦੀ ਪੜ੍ਹਾਈ ਵਿਚਾਲੇ ਛੁੱਟ ਗਈ। ਘਰ ਚਲਾਉਣ ਲਈ ਪਹਿਲਾਂ ਉਨ੍ਹਾਂ ਸਕੂਲ ਵਿੱਚ ਮਾਸਟਰ ਦੀ ਨੌਕਰੀ ਕੀਤੀ ਤੇ ਫਿਰ ਬੀਕਾਨੇਰ ਵਿਖੇ ਛੋਟੇ ਥਾਣੇਦਾਰ ਨਿਯੁਕਤ ਹੋ ਗਏ, ਪਰ ਨੂਰਪੁਰੀ ਕਿਸੇ ਵੀ ਬੰਧਨ 'ਚ ਬੱਝ ਕੇ ਰਹਿਣ ਨੂੰ ਤਿਆਰ ਨਹੀਂ ਸਨ। ਇਹੋ ਜਿਹੇ ਸਮੇਂ ਉਨ੍ਹਾਂ ਨੇ ਲਿਖਿਆ ਸੀ :

*ਏਥੋਂ ਉੱਡ ਜਾ ਭੋਲਿਆ ਪੰਛੀਆਂ,*
*ਵੇ ਤੂੰ ਆਪਣੀ ਜਾਨ ਬਚਾ,*
*ਏਥੇ ਘਰ-ਘਰ ਫਾਹੀਆਂ ਗੱਡੀਆਂ*
*ਵੇ ਤੂੰ ਛੁਰੀਆਂ ਹੇਠ ਨਾ ਆ।*

ਬੀਕਾਨੇਰ ਵਿਖੇ ਹੀ ਸੁਮਿੱਤਰਾ ਦੇਵੀ ਨਾਲ ਨੰਦ ਲਾਲ ਨੂਰਪੁਰੀ ਦਾ ਵਿਆਹ ਹੋ ਗਿਆ, ਜਿਨ੍ਹਾਂ ਦੀ ਕੁੱਖੋਂ ਛੇ ਧੀਆਂ ਅਤੇ ਦੋ ਪੁੱਤਰ (ਸਤਿਨਾਮ ਤੇ ਸਤਿਕਰਤਾਰ) ਪੈਦਾ ਹੋਏ। ਨੂਰਪੁਰੀ ਆਪ ਕੇਸਾਧਾਰੀ ਨਹੀਂ ਸਨ, ਪਰ ਉਨ੍ਹਾਂ ਦੀ ਪਤਨੀ ਨੇ ਪਿੱਛੋਂ ਅੰਮ੍ਰਿਤ ਛਕ ਲਿਆ ਸੀ। ਨੂਰਪੁਰੀ ਦੇ ਮਨ ਵਿੱਚ ਗੁਰੂ ਘਰ ਲਈ ਅਥਾਹ ਸ਼ਰਧਾ ਸੀ। ਉਨ੍ਹਾਂ ਦੇ ਲਿਖੇ ਧਾਰਮਿਕ ਜਜ਼ਬੇ ਵਾਲੇ ਗੀਤਾਂ 'ਚੁੰਮ ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ', 'ਵੱਸਦੇ ਅਨੰਦਪੁਰ ਨੂੰ ਛੱਡ ਚੱਲਿਆ ਕਲਗੀਆਂ ਵਾਲਾ', 'ਅੱਧੀ ਰਾਤੀਂ ਮਾਂ ਗੁਜਰੀ ਬੈਠੀ ਘੋੜੀ ਚੰਨਾਂ ਦੀ ਗਾਵੇ' ਆਦਿ ਰਾਹੀਂ ਉਨ੍ਹਾਂ ਦਾ ਧਾਰਮਿਕ ਜਜ਼ਬਾ ਪ੍ਰਗਟ ਹੁੰਦਾ ਹੈ।

ਸਾਲ 1940 'ਚ ਉਹ ਬੀਕਾਨੇਰ ਤੋਂ ਪੰਜਾਬ ਆ ਗਏ। ਇਨ੍ਹਾਂ ਦਿਨਾਂ ਵਿੱਚ ਸ਼ੋਰੀ ਫਿਲਮ ਕੰਪਨੀ ਦੀ ਮੰਗ 'ਤੇ ਉਨ੍ਹਾਂ ਨੇ ਪੰਜਾਬੀ ਫਿਲਮ 'ਮੰਗਤੀ' ਦੇ ਗੀਤ ਲਿਖੇ, ਜਿਸ ਨਾਲ ਗੀਤਕਾਰ ਵਜੋਂ ਉਨ੍ਹਾਂ ਦੀ ਮੰਗ ਵਧਣ ਲੱਗੀ। ਇਸੇ ਤਰ੍ਹਾਂ 'ਗੀਤ ਬਹਾਰਾਂ ਦੇ' ਅਤੇ 'ਵਲਾਇਤ ਪਾਸ' ਫਿਲਮਾਂ ਦੇ ਗੀਤ ਵੀ ਖੂਬ ਮਕਬੂਲ ਹੋਏ। ਨੂਰਪੁਰੀ ਨੇ ਮਿਰਜ਼ਾ ਸਾਹਿਬਾਂ 'ਤੇ ਇੱਕ ਓਪੇਰਾ ਵੀ ਲਿਖਿਆ। ਕੋਲੰਬੀਆ ਰਿਕਾਰਡਿੰਗ ਕੰਪਨੀ ਆਦਿ ਲਈ ਵੀ ਉਨ੍ਹਾਂ ਨੇ ਬਹੁਤ ਹਿੱਟ ਗਾਣੇ ਲਿਖੇ, ਜਿਹੜੇ ਕਾਫੀ ਚਰਚਿਤ ਹੋਏ। ਦੇਸ਼ ਦੀ ਵੰਡ ਪਿੱਛੋਂ ਕਾਫੀ ਉਥਲ-ਪੁਥਲ ਹੋਈ ਅਤੇ ਉਨ੍ਹਾਂ ਨੇ ਭਾਸ਼ਾ ਵਿਭਾਗ 'ਚ ਨੌਕਰੀ ਕਰ ਲਈ, ਪਰ ਇਥੇ ਵੀ ਉਹ ਦੋ-ਢਾਈ ਸਾਲਾਂ ਤੋਂ ਵਧੇਰੇ ਨਾ ਟਿਕ ਸਕੇ। ਮਾਡਲ ਹਾਊਸ ਕਲੋਨੀ ਜਲੰਧਰ ਵਿਖੇ ਰਿਹਾਇਸ਼ ਕਰਨ ਪਿੱਛੋਂ ਉਹ ਕਵੀ-ਦਰਬਾਰਾਂ ਅਤੇ ਰੇਡੀਓ ਪ੍ਰੋਗਰਾਮਾਂ ਨਾਲ ਆਪਣੀ ਜ਼ਿੰਦਗੀ ਬਤੀਤ ਕਰਨ ਲੱਗੇ। ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੂੰ 75 ਰੁਪਏ ਪ੍ਰਤੀ ਮਹੀਨਾ ਮਿਲਦੇ ਰਹੇ, ਪਰ ਵੱਡੇ ਪਰਵਾਰ ਦਾ ਇੰਨੀ ਕੁ ਆਮਦਨ ਨਾਲ ਗੁਜ਼ਾਰਾ ਹੋਣਾ ਮੁਸ਼ਕਲ ਸੀ। ਉਨ੍ਹਾਂ ਦੇ ਗੀਤਾਂ ਤੇ ਗਜ਼ਲਾਂ 'ਚ ਨਿਰਾਸ਼ਾ ਦਾ ਰੰਗ ਨਜ਼ਰ ਆਉਣ ਲੱਗਾ :

*ਬੜਾ ਜ਼ਿੰਦਗੀ ਦਾ ਮੈਂ ਸਤਾਇਆ ਹੋਇਆ ਹਾਂ,*
*ਕੀ ਤੰਗ ਏਸ ਜ਼ਿੰਦਗੀ ਤੋਂ ਆਇਆ ਹੋਇਆ ਹਾਂ।*

ਅਤੇ

ਬਿਨਾਂ ਕਫਨ ਦੇ ਲੈ ਚੱਲੋ ਯਾਰੋ ਮੈਨੂੰ,
ਕਿ ਲੁਕ ਕੇ ਗਿਆ ਆਖੂ ਸੰਸਾਰ ਮੈਨੂੰ।

ਤੰਗੀਆਂ-ਤੁਰਸ਼ੀਆਂ ਦੇ ਬਾਵਜੂਦ ਨੂਰਪੁਰੀ ਨੇ ਹਾਲਾਤ ਨਾਲ ਸਮਝੌਤਾ ਨਹੀਂ ਕੀਤਾ, ਪਰ ਹੌਲੀ-ਹੌਲੀ ਉਨ੍ਹਾਂ ਦੇ ਮਨ 'ਚ ਆਤਮ ਹੱਤਿਆ ਦੇ ਵਿਚਾਰ ਬਣਦੇ ਗਏ। ਅਖੀਰ 13 ਮਈ 1966 ਨੂੰ ਰਾਤ ਵੇਲੇ ਆਪਣੇ ਘਰ ਨੇੜੇ ਇੱਕ ਖੂਹ 'ਚ ਛਾਲ ਮਾਰ ਕੇ ਉਨ੍ਹਾਂ ਨੇ ਇਸ ਦੁੱਖ ਭਰੀ ਜ਼ਿੰਦਗੀ ਤੋਂ ਛੁਟਕਾਰਾ ਪਾ ਲਿਆ। ਕਰੀਬ 60 ਸਾਲ ਦੀ ਉਮਰ ਵਿੱਚ ਇਸ ਰਾਂਗਲੇ ਕਵੀ ਨੇ ਸਵਾ ਸੌ ਦੇ ਕਰੀਬ ਕਾਵਿ ਵੰਨਗੀਆਂ ਪੰਜਾਬੀ ਸਾਹਿਤ ਨੂੰ ਪ੍ਰਦਾਨ ਕੀਤੀਆਂ, ਜਿਨ੍ਹਾਂ 'ਚ ਕਵਿਤਾਵਾਂ, ਗੀਤ ਤੇ ਗਜ਼ਲਾਂ ਸ਼ਾਮਲ ਹਨ। ਇਨ੍ਹਾਂ ਵਿੱਚ ਗੀਤਾਂ ਦੀ ਗਿਣਤੀ ਸਭ ਤੋਂ ਵੱਧ 71 ਹਨ, ਕਵਿਤਾਵਾਂ 25 ਤੇ ਸਭ ਤੋਂ ਘੱਟ ਗਜ਼ਲਾਂ, ਯਾਨੀ 12 ਹਨ। ਉਨ੍ਹਾਂ ਦੀ ਸਮੁੱਚੀ ਰਚਨਾ ਨੂੰ ਸੁਚੱਜੀ ਤਰਤੀਬ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪ੍ਰੋਫੈਸਰ ਮੋਹਨ ਸਿੰਘ ਦੀ ਸੰਪਾਦਨਾ ਹੇਠ 1969 ਵਿੱਚ ਨੰਦ ਲਾਲ ਨੂਰਪੁਰੀ ਕਾਵਿ ਸੰਗ੍ਰਹਿ ਨਾਮ ਹੇਠ ਛਾਪਿਆ ਗਿਆ ਸੀ। ਇਸ ਪੁਸਤਕ ਦੀ 11 ਸਫਿਆਂ ਦੀ ਲੰਬੀ ਭੂਮਿਕਾ 'ਚ ਪ੍ਰੋਫੈਸਰ ਮੋਹਨ ਸਿੰਘ ਨੇ ਨੂਰਪੁਰੀ-ਕਾਵਿ ਦੇ ਵੱਖ-ਵੱਖ ਪਹਿਲੂਆਂ ਨੂੰ ਬੜੀ ਬਰੀਕੀ ਨਾਲ ਵਿਉਂਤਬੱਧ ਕੀਤਾ ਹੈ।

ਨੰਦ ਲਾਲ ਨੂਰਪੁਰੀ ਦੀਆਂ ਅੱਡ-ਅੱਡ ਪੁਸਤਕਾਂ ਵਿੱਚ 'ਨੂਰੀ ਪਰੀਆਂ', 'ਵੰਗਾਂ', 'ਜਿਉਂਦਾ ਪੰਜਾਬ', 'ਨੂਰਪੁਰੀ ਦੇ ਗੀਤ', 'ਸੁਗਾਤ' ਸ਼ਾਮਲ ਹਨ। ਇਨ੍ਹਾਂ 'ਚੋਂ ਆਖਰੀ ਪੁਸਤਕ 'ਸੁਗਾਤ' ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਪਹਿਲਾ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ ਸੀ। ਨੂਰਪੁਰੀ ਦੀਆਂ ਕਵਿਤਾਵਾਂ ਦੇ ਵਿਸ਼ੇ ਵਿਕੋਲਤਿਰੇ ਹਨ, ਜਿਨ੍ਹਾਂ ਵਿੱਚ ਇਤਿਹਾਸਕ, ਅਧਿਆਤਮਕ, ਰੋਮਾਂਚ, ਪੰਜਾਬੀ ਜਨ ਜੀਵਨ, ਰਹਿਣੀ ਬਹਿਣੀ ਦਾ ਰੰਗ ਨਜ਼ਰ ਆਉਂਦਾ ਹੈ। 1925 ਵਿੱਚ ਉਨ੍ਹਾਂ ਨੇ ਸਭ ਤੋਂ ਪਹਿਲਾਂ ਗੀਤ 'ਮੈਂ ਵਤਨ ਦਾ ਸ਼ਹੀਦ' ਲਿਖਿਆ, ਜੋ ਦੇਸ਼ ਪਿਆਰ ਦੀ ਭਾਵਨਾ ਨਾਲ ਓਤਪੋਤ ਹੈ। ਨੂਰਪੁਰੀ ਲਿਖਦੇ ਹਨ ਕਿ "ਗੀਤ ਲਿਖਣਾ ਕਵਿਤਾ ਲਿਖਣ ਨਾਲੋਂ ਔਖਾ ਹੈ, ਜਿਸ ਦੇਸ਼ ਦੇ ਗੀਤ ਜਿਊਂਦੇ ਹਨ, ਉਹ ਦੇਸ਼ ਸਦਾ ਜਿਊਂਦਾ ਰਹਿੰਦਾ ਹੈ। ਮੈਂ ਕੋਸ਼ਿਸ਼ ਕਰਦਾ ਰਿਹਾ ਹਾਂ ਕਿ ਆਪਣੇ ਗੀਤਾਂ ਰਾਹੀਂ ਲੋਕਾਂ ਨੂੰ ਕੁਝ ਦੇ ਸਕਾਂ, ਆਪਣੇ ਗੀਤਾਂ ਰਾਹੀਂ ਕੌਮ ਤੇ ਦੇਸ਼ ਦੀ ਖਿਦਮਤ ਕਰ ਸਕਾਂ...।" ਉਨ੍ਹਾਂ ਨੇ ਕੇਵਲ ਰੋਮਾਂਟਿਕ ਜਾਂ ਚੁਲਬੁਲੇ ਗੀਤ ਹੀ ਨਹੀਂ ਲਿਖੇ, ਦੇਸ਼ ਭਗਤੀ, ਸਮਾਜਕ ਚੇਤਨਤਾ ਅਤੇ ਧਾਰਮਿਕਤਾ ਵਿੱਚ ਰੰਗਣ ਵਾਲੇ ਗੀਤਾਂ ਦੀ ਵੀ ਰਚਨਾ ਕੀਤੀ ਹੈ। ਬਹੁਤੇ ਗੀਤਾਂ ਲਈ ਉਨ੍ਹਾਂ ਨੇ ਲੋਕ ਧਾਰਨਾ ਨੂੰ ਹੀ ਵਰਤਿਆ ਹੈ ਅਤੇ ਕਈ ਗੀਤਾਂ 'ਚੋਂ ਲੋਕ ਗੀਤਾਂ ਵਰਗਾ ਆਨੰਦ ਮਿਲਦਾ ਹੈ।

ਨੂਰਪੁਰੀ ਰਚਿਤ ਕਾਵਿ 'ਚੋਂ ਕੁਝ ਚੋਣਵੀਆਂ ਵੰਨਗੀਆਂ ਪਾਠਕਾਂ ਦੀ ਰੂਚੀ ਹਿੱਤ ਪੇਸ਼ ਹਨ :

** ਚੱਲ ਜੀਆ ਘਰ ਆਪਣੇ ਚੱਲੀਏ,*
*ਨਾ ਕਰ ਮੱਲਾ ਅੜੀਆਂ॥*
*ਇਹ ਪਰਦੇਸ, ਦੇਸ਼ ਨਹੀਂ ਸਾਡਾ,*
*ਏਥੇ ਗੁੰਝਲਾਂ ਬੜੀਆਂ॥*
** ਪੀਂਘਾਂ ਪਈਆਂ ਪਿੱਪਲਾਂ ਨਾਲ,*
*ਕੁੜੀਆਂ ਲੱਦੀਆਂ ਸੋਨੇ ਨਾਲ,*
*ਸੋਨਾ ਸੋਭੇ ਰੂਪ ਨਾਲ॥*
** ਨਾ ਦੇ ਇਹ ਸਵਰਗਾਂ ਦਾ ਲਾਰਾ,*
*ਸਾਨੂੰ ਸਾਡਾ ਕੁਫਰ ਪਿਆਰਾ॥*
*ਮੰਦਰ ਦੀਆਂ ਦਲੀਜ਼ਾਂ ਲੰਘ ਕੇ,*
*ਮੈਂ ਕੀ ਮੱਥੇ ਟੇਕਾਂ॥*
** ਕਿੱਡੇ ਸੋਹਣੇ ਚੰਦ ਨੀ ਤੇ ਕਿੱਡੇ*
*ਸੋਹਣੇ ਲਾਲ ਨੀ*
*ਤੁਰੇ ਜਾਂਦੇ ਸੂਬੇ ਦੇ ਸਿਪਾਹੀਆਂ ਦੇ*
*ਨਾਲ ਨੀ॥*
** ਭਾਖੜੇ ਤੋਂ ਆਉਂਦੀ ਮੁਟਿਆਰ*
*ਇੱਕ ਨੱਚਦੀ,*
*ਚੰਦ ਨਾਲੋਂ ਗੋਰੀ ਉੱਤੇ ਚੁੰਨੀ ਸੁੱਚੇ*
*ਕੱਚ ਦੀ॥*
**ਬੱਲੇ ਜੱਟਾ ਬੱਲੇ, ਕੱਲ੍ਹ ਕੌਡੀ ਨਹੀਂ*
*ਸੀ ਪੱਲੇ,*
*ਅੱਜ ਤੇਰਾ ਸਿੱਕਾ ਸਾਰੇ ਦੇਸ਼ ਵਿੱਚ ਚੱਲੇ॥*
** ਓ ਦੁਨੀਆ ਦੇ ਬੰਦਿਓ ਪੂਜੋ, ਉਨ੍ਹਾਂ*
*ਨੇਕ ਇਨਸਾਨਾਂ ਨੂੰ,*
*ਦੇਸ਼ ਦੀ ਖਾਤਰ ਵਾਰ ਗਏ ਜੋ*
*ਪਿਆਰੀਆਂ-ਪਿਆਰੀਆਂ ਜਾਨਾਂ ਨੂੰ॥*
** ਤੂੰ ਨਮਾਜ਼ੀ ਬਣ ਨਾ ਕੋਈ ਫਰਕ ਨਹੀਂ,*
*ਤੇਰਿਆਂ ਐਬਾਂ ਦਾ ਚਰਚਾ ਆਮ ਹੈ॥*
** ਨੂਰਪੁਰੀਆ ਜ਼ਿਕਰ ਤੇਰਾ ਸੀ ਕਦੇ,*
*ਹੁਣ ਨਾ ਤੇਰਾ ਜ਼ਿਕਰ ਹੈ ਨਾ ਨਾਮ ਹੈ॥*

## ਵਿਅੰਗ ਕੋਰੋਨਾ ਕਾਲ ਵਿੱਚ ਰਚਨਾਤਮਕਤਾ



-ਪ੍ਰਮੋਦ ਤਾਂਬਟ-

ਲਾਕਡਾਊਨ ਵਿੱਚ ਲੋਕਾਂ ਦੀ ਰਚਨ-ਾਤਮਕਤਾ ਉਬਲ-ਉਬਲ ਕੇ ਬਾਹਰ ਆ ਰਹੀ ਹੈ। ਜਿਸ ਨੂੰ ਜੀਵਨ ਵਿੱਚ ਕਦੇ ਰਚਨਾਤਮਕਤਾ ਦਾ 'ਰ' ਤੱਕ ਨਹੀਂ ਪਤਾ ਸੀ, ਉਹ ਵੀ ਜੋ ਹੱਥ ਵਿੱਚ ਆਏ, ਚੁੱਕ ਕੇ ਰਚਨਾਤਮਕ ਹੋਈ ਜਾ ਰਿਹਾ ਹੈ। ਬਹੁਤੇ ਮਰਦ ਰਸੋਈ ਵਿੱਚ ਰਚਨਾਤਮਕ ਹੋ ਰਹੇ ਹਨ, ਜੋ ਚੀਜ਼ ਬਣਾਉਣ ਤੋਂ ਪਤਨੀ ਸਾਫ ਮਨ੍ਹਾ ਕਰ ਦੇਵੇ, ਉਸ ਨੂੰ ਬਣਾ ਕੇ ਰਚਨਾਤਮਕਤਾ ਦਾ ਸੁਖ ਲੈ ਰਹੇ ਹਨ, ਫਿਰ ਭਾਵੇਂ ਹੀ ਉਹ ਪਾਪੜ ਭੁੰਨਣਾ ਹੋਵੇ। ਲੌਕੀ, ਤੋਰੀ, ਕੱਦੂ ਵਰਗੀਆਂ ਨੀਰਸ ਸਬਜ਼ੀਆਂ ਦੇ ਪਕਵਾਨ ਬਣਾ ਬਣਾ ਕੇ ਰਚਨਾਤਮਕ ਸ਼ੋਸ਼ਣ ਵਿੱਚ ਲੱਗ ਪਏ ਹਨ। ਉਂਝ ਰਸੋਈ ਮੁੱਢ ਕਦੀਮੋਂ ਔਰਤਾਂ ਦਾ ਖੇਤਰ ਰਿਹਾ ਹੈ, ਪਰ ਸਦੀਆਂ ਤੋਂ ਰੋਜ਼ ਰਸੋਈ ਵਿੱਚ ਖਪਣ ਦੇ ਬਾਵਜੂਦ ਉਨ੍ਹਾਂ ਨੂੰ ਕਦੇ ਰਚਨਾਤਮਕ ਹੋਣ ਦਾ ਸਿਹਰਾ ਨਹੀਂ ਮਿਲਿਆ। ਸਿਰਫ ਇੱਕ ਮਹੀਨੇ ਵਿੱਚ ਹੀ ਕੰਮ ਕਰ ਕੇ ਮਰਦ ਲੋਕ ਇੱਕ-ਦੂਸਰੇ ਦੀ ਪਿੱਠ ਠੋਕ ਰਹੇ ਹਨ।

ਰਸੋਈ ਵਿੱਚ ਕਈ ਲੋਕਾਂ ਦੀ ਰਚਨ-ਾਤਮਕਤਾ ਅਨੋਖਾ ਰੂਪ ਧਾਰੀ ਬੈਠੀ ਹੈ। ਉਹ ਪੂਰੇ ਹਲਵਾਈ ਬਣਨ 'ਤੇ ਉਤਾਰੂ ਹਨ। ਮੁਆਫ ਕਰਨਾ 'ਹਲਵਾਈ' ਨਹੀਂ, ਅੱਜਕੱਲ੍ਹ 'ਸ਼ੈਫ' ਕਿਹਾ ਜਾਂਦਾ ਹੈ। ਇਹ ਨਵੀਂ ਸ਼ੈਫ ਮੰਡਲੀ ਇੱਕ ਤੋਂ ਇੱਕ ਨਵੀਆਂ ਆਈਟਮਾਂ ਬਣਾ ਕੇ ਬੜੀ ਮੁਸ਼ਕਲ ਨਾਲ ਇਕੱਠਾ ਕੀਤਾ ਘਰ ਦਾ ਕਰਿਆਨਾ ਬਰਬਾਦ ਕਰ ਰਹੀ ਹੈ। ਕੁਝ ਲੋਕ ਬੇਕਰੀ ਆਈਟਮਾਂ ਵਿੱਚ ਹੱਥ ਅਜਮਾ ਕੇ ਆਟਾ, ਮੈਦਾ, ਖੰਡ ਦਾ ਸਤਿਆਨਾਸ਼ ਕਰਦੇ ਹਨ, ਕੁਝ ਲੋਕ ਜਲੇਬੀ, ਇਮਰਤੀ ਬਣਾਉਣ ਦੀਆਂ ਅਸਫਲ ਕੋਸ਼ਿਸ਼ਾਂ ਵਿੱਚ ਲੱਗੇ ਹੋਏ ਹਨ। ਰਚਨਾਤਮਕਤਾ ਦਾ ਇਹ ਦੌਰ ਲੇਖਨ ਵਿੱਚ ਵੀ ਦੇਖਿਆ ਜਾ ਸਕਦਾ ਹੈ। ਜੋ ਹਮੇਸ਼ਾ ਕੰਮ-ਧੰਦੇ ਅਤੇ ਪੈਸੇ ਕਮਾਉਣ ਦੀ ਚਿੰਤਾ ਵਿੱਚ ਜੀਵਨ ਗੁਜਾਰਦੇ ਰਹੇ ਹਨ, ਉਹ ਕਵਿਤਾ ਲਿਖਣ 'ਤੇ ਉਤਾਰੂ ਹਨ। ਸ਼ੇਅਰੋ-ਸ਼ਾਇਰੀ ਲਿਖ-ਲਿਖ ਕੇ ਗਾਲਿਬ ਦੀ ਆਤਮਾ ਨੂੰ ਝੰਜੋੜਿਆ ਜਾ ਰਿਹਾ ਹੈ। ਕੋਰੋਨਾ 'ਤੇ ਕਹਾਣੀ, ਮਿੰਨੀ ਕਹਾਣੀ, ਵਿਅੰਗ, ਦੋਹਾ, ਚੌਪਈ, ਕਵਿਤਾ, ਸ਼ਾਇਰੀ, ਵਿਅੰਗ ਚਿੱਤਰਾਂ, ਚੁਟਕਲਿਆਂ, ਵਨ ਲਾਈਨਰਾਂ ਦਾ ਹੜ੍ਹ ਜਿਹਾ ਆ ਗਿਆ ਹੈ। ਉਨ੍ਹਾਂ ਨੂੰ ਲੱਗਦਾ ਹੈ ਕਿ ਇਸ ਹੜ੍ਹ ਵਿੱਚ ਕੋਰੋਨਾ ਜ਼ਰੂਰ ਡੁੱਬ ਮਰੇਗਾ।

ਕਿਚਨ ਤੇ ਲੇਖਨ ਇਹ ਦੋਵੇਂ ਗੂੜ੍ਹ ਵਿਸ਼ੇ ਜਿਨ੍ਹਾਂ ਮਹਾਨ ਅਨੁਭਵਾਂ ਨਾਲ ਨਹੀਂ ਸਧਦੇ ਉਨ੍ਹਾਂ ਦੇ ਲਈ ਰਚਨਾਤਮਕਤਾ ਦਾ ਤੀਸਰਾ ਖੇਤਰ ਹੈ ਬਾਗਬਾਨੀ। ਭਾਵੇਂ ਕਦੇ ਜ਼ਿੰਦਗੀ ਵਿੱਚ ਗਮਲੇ ਵਿੱਚ ਪਾਣੀ ਨਾ ਪਾਇਆ ਹੋਵੇ, ਅੱਜਕੱਲ੍ਹ ਉਹ ਹੱਥ ਵਿੱਚ ਖੁਰਪਾ-ਖੁਰਪੀ ਲੈ ਕੇ ਆਪਣੀ ਪਤਨੀ ਦੇ ਤਿਆਰ ਕੀਤੇ ਕਿਚਨ ਗਾਰਡਨ ਦੀ ਐਸੀ-ਤੈਸੀ ਕਰਨ ਤੁਲੇ ਨਜ਼ਰ ਆ ਰਹੇ ਹਨ। ਉਨ੍ਹਾਂ ਨੂੰ ਕਿਹੜਾ ਦੱਸੇ ਕਿ ਭਰਾਵਾ ਫਿਲਹਾਲ ਇਨ੍ਹਾਂ ਸਭ ਕੰਮਾਂ ਨੂੰ ਕਰਨ ਦਾ ਮੌਸਮ ਨਹੀਂ ਹੈ। ਕੁਝ ਭਰਾ ਤਾਂ ਰਚਨਾਤਮਕਤਾ ਨੂੰ ਬੜੇ ਖਤਰਨਾਕ ਖੇਤਰ ਵਿੱਚ ਲੱਭ ਰਹੇ ਹਨ। ਮੇਰੇ ਕੋਲ ਇੱਕ ਭਾਈ ਸਾਹਿਬ ਦਾ ਮੈਸੇਜ ਆਇਆ ਕਿ ਘਰ ਵਿੱਚ ਰਹਿ ਕੇ ਸਰੂਰ ਕਿਵੇਂ ਆਏਗਾ। ਮੈਂ ਕਿਹਾ, ਭਰਾਵਾ ਐਨਾ ਰਚਨਾਤਮਕ ਨਾ ਬਣ ਕਿ ਲੈਣੇ ਦੇ ਦੇਣੇ ਪੈ ਜਾਣ। ਦੇਖਦੇ ਜਾਓ, ਕੋਰੋਨਾ ਕਾਲ ਵਿੱਚ ਰਚਨਾਤਮਕਤਾ ਹੋਰ ਕਿੰਨੇ ਦਿਨ ਦਿਲੋ-ਦਿਮਾਗ 'ਤੇ ਛਾਈ ਰਹਿੰਦੀ ਹੈ।

## ਹਲਕਾ ਫੁਲਕਾ



ਪਿਤਾ (ਪੁੱਤਰ ਨੂੰ), "ਮੈਂ ਚਾਹੁੰਦਾ ਹਾਂ ਕਿ ਤੂੰ ਵੱਡਾ ਹੋ ਕੇ ਵਕੀਲ ਬਣੇਂ?"
ਪੁੱਤਰ, "ਅਜਿਹਾ ਕਿਉਂ ਚਾਹੁੰਦੇ ਹੋ ਤੁਸੀਂ?"
ਪਿਤਾ, "...ਤਾਂ ਜੋ ਮੇਰਾ ਕਾਲਾ ਕੋਟ ਤੇਰੇ ਕੰਮ ਆ ਸਕੇ।"

*********

ਦਫਤਰ ਤੋਂ ਵਾਪਸ ਆਇਆ ਪਤੀ ਪਤਨੀ ਨੂੰ ਕਹਿਣ ਲੱਗਾ, "ਡੀਅਰ, ਕਿੱਸ ਕਰ ਲਵਾਂ?"
ਪਤਨੀ, "ਨਹੀਂ।"
ਪਤੀ, "ਕੱਲ੍ਹ ਸਾੜ੍ਹੀ ਲਿਆ ਕੇ ਦੇਵਾਂਗਾ।"
ਪਤਨੀ, "ਬਿਲਕੁਲ ਵੀ ਨਹੀਂ।"
ਪਤੀ, "ਚੱਲ ਚੰਗਾ, ਗਹਿਣੇ ਲਿਆ ਕੇ ਦੇਵਾਂਗਾ।"
ਪਤਨੀ, "ਇੱਕ ਵਾਰ ਕਿਹਾ ਨਾ ਨਹੀਂ, ਤਾਂ ਨਹੀਂ।"
ਉਸੇ ਵੇਲੇ ਨੇੜੇ ਸੁੱਤਾ ਬੇਟਾ ਬੋਲਿਆ, "ਪਾਪਾ, ਤੁਸੀਂ ਮੈਨੂੰ ਕਿੱਸ ਕਰ ਲਵੋ, ਕੱਲ੍ਹ ਸਾਈਕਲ ਲਿਆ ਦਿਓ।"

# ਹਰੀਏ ਹਰੀਏ ਡੇਕੇ ਨੀਂ

-ਡਾ. ਬਲਵਿੰਦਰ ਸਿੰਘ ਲੱਖੇਵਾਲੀ

*ਹਰੀਏ ਹਰੀਏ ਡੇਕੇ ਨੀਂ, ਫੁੱਲ ਦੇ ਦੇ।*
*ਅੱਜ ਮੈਂ ਜਾਣਾ ਪੇਕੇ ਨੀਂ, ਫੁੱਲ ਦੇ ਦੇ।*
*ਬਾਬਲ ਸਾਡੇ ਬਾਗ਼ ਲੁਆਇਆ,*
*ਵਿੱਚ ਚੰਬਾ ਤੇ ਮਰੂਆ।*
*ਮਾਂ ਮੇਰੀ ਮਾਲਣ ਫੁੱਲ ਪਈ ਚੁਣਦੀ,*
*ਵੀਰ ਤਾਂ ਬੂਟਾ ਹਰਿਆ।*
*ਹਰੀਏ ਹਰੀਏ ਡੇਕੇ ਨੀਂ, ਫੁੱਲ ਦੇ ਦੇ।*
*ਅੱਜ ਮੈਂ ਜਾਣਾ ਪੇਕੇ..*

ਪੰਜਾਬ ਵਿੱਚ ਰੁੱਤਾਂ-ਰਾਣੀਆਂ ਅਤੇ ਪ੍ਰਕਿਰਤੀ ਵਿੱਚ ਵੀ ਤਬਦੀਲੀ ਮੌਸਮ, ਪੌਣ-ਪਾਣੀਆਂ ਤੇ ਪ੍ਰਕਿਰਤੀ ਵਿੱਚ ਵੀ ਤਬਦੀਲੀ ਅਜੀਬ ਜਿਹਾ ਅਹਿਸਾਸ ਕਰਾਉਂਦੇ ਹਨ। ਬਹਾਰ ਰੁੱਤ ਦੇ ਚੱਲਦਿਆਂ ਜਿੱਥੇ ਸਾਰੀ ਧਰਤ, ਆਕਾਸ਼ ਮੌਲਦੇ ਨਜ਼ਰ ਆਉਂਦੇ ਹਨ, ਉਥੇ ਬਿਰਖ-ਬੂਟੇ ਆਨੰਦ ਅਵਸਥਾ ਵਿੱਚ ਵਿਖਾਈ ਦਿੰਦੇ ਹਨ। ਡੇਕਾਂ-ਬਕੈਣਾਂ ਦੇ ਕਾਸ਼ਣੀ ਰੰਗ ਦੇ ਫੁੱਲਾਂ ਦੇ ਗੁੱਛੇ ਤੇ ਉਨ੍ਹਾਂ ਵਿੱਚੋਂ ਆਉਂਦੀ ਖ਼ੁਸ਼ਬੋ ਮਾਹੌਲ ਨੂੰ ਖ਼ੁਸ਼ਗਵਾਰ ਕਰਨ ਵਿੱਚ ਸਹਾਈ ਹੁੰਦੇ ਹਨ। ਪੁਰਾਣੇ ਵੇਲਿਆਂ ਤੋਂ ਸੁਣਦੇ ਆ ਰਹੇ ਹਾਂ ਕਿ ਧੀਆਂ ਤੇ ਧਰੇਕਾਂ ਵਿਹੜੇ ਦੀ ਰੌਣਕ ਹੁੰਦੀਆਂ ਹਨ। ਅੱਜ ਦੇ ਇਸ ਬੇਹੱਦ ਤੇਜ਼ ਤਰਾਰ ਯੁੱਗ ਵਿੱਚ ਨਸੀਬਾਂ ਵਾਲੇ ਘਰ ਹਨ, ਜਿਨ੍ਹਾਂ ਦੇ ਵਿਹੜੇ ਧੀਆਂ ਤੇ ਧਰੇਕਾਂ ਦੀ ਰੌਣਕ ਇਕੱਠਿਆਂ ਵੇਖਣ ਨੂੰ ਮਿਲਦੀ ਹੈ। ਇੱਕ ਵੇਲਾ ਹੁੰਦਾ ਸੀ ਕਿ ਘਰਾਂ ਦੇ ਨਾਲ ਨਾਲ ਖੇਤਾਂ ਵਿੱਚ ਵੀ ਹਲਟਾਂ ਵਾਲੇ ਖੂਹਾਂ, ਬੰਬੀਆਂ-ਮੋਟਰਾਂ ਦੇ ਨੇੜੇ ਤੇੜੇ ਡੇਕਾ ਬਕੈਣਾਂ ਤੇ ਤੂਤਾਂ ਆਦਿ ਰੁੱਖਾਂ ਦੀ ਠੰਢੀ ਛਾਂ ਆਨੰਦ ਲੈਣ ਨੂੰ ਮਿਲਦੀ ਸੀ। ਹਿਮਾਲਿਆ ਦੀ ਤਰਾਈ ਅਤੇ ਸ਼ਿਵਾਲਿਕ ਦੀਆਂ ਪਹਾੜੀਆਂ ਦਾ ਮੂਲ ਸਥਾਨ ਰੱਖਣ ਵਾਲਾ ਡੇਕ, ਬਕੈਣ ਰੁੱਖ ਬਰਮਾ, ਚੀਨ ਅਤੇ ਬਲੋਚਿਸਤਾਨ ਤੱਕ ਪਾਇਆ ਜਾਂਦਾ ਹੈ। ਅਸਾਮ ਵਿੱਚ ਚਾਹ ਤੇ ਕੌਫ਼ੀ ਦੇ ਬਾਗ਼ਾਂ ਵਿੱਚ ਵੀ ਇਸ ਨੂੰ ਛਾਂ ਰੁੱਖ ਵਜੋਂ ਲਾਇਆ ਜਾਂਦਾ ਰਿਹਾ ਹੈ। ਪੰਜਾਬ ਦੇ ਲੋਕਾਂ ਨਾਲ ਇਸ ਰੁੱਖ ਦਾ ਗੂੜ੍ਹਾ ਰਿਸ਼ਤਾ ਹੈ। ਅਕਸਰ ਵੇਖਣ ਵਿੱਚ ਆਉਂਦਾ ਹੈ ਕਿ ਲੋਕ ਡੇਕ, ਧਰੇਕ, ਬਕੈਣ ਅਤੇ ਬਰਮਾ ਡੇਕ ਵਿੱਚ ਕਾਫ਼ੀ ਭੁਲੇਖਾ ਖਾਂਦੇ ਹਨ ਜਾਂ ਉਨ੍ਹਾਂ ਨੂੰ ਫ਼ਰਕ ਪਤਾ ਨਹੀਂ ਹੁੰਦਾ। ਡੇਕ ਅਤੇ ਧਰੇਕ ਇੱਕੋ ਰੁੱਖ ਦੇ ਦੋ ਨਾਂ ਹਨ, ਜਦੋਂ ਕਿ ਬਕੈਣ ਨੂੰ ਅਸੀਂ ਡੇਕ ਜਾਂ ਧਰੇਕ ਦੀ ਜੌੜੀ ਭੈਣ ਆਖ ਸਕਦੇ ਹਾਂ ਅਤੇ ਬਰਮਾ ਡੇਕ ਲੱਕੜ ਪ੍ਰਾਪਤੀ ਵਾਲਾ ਤੇ ਲੰਬਾ ਵਧਣ ਵਾਲਾ ਅਲੱਗ ਰੁੱਖ ਹੈ। ਬਕੈਣ ਅਤੇ ਡੇਕ ਨੂੰ ਆਮ ਨਜ਼ਰ ਨਾਲ ਵੇਖੀਏ ਤਾਂ ਖਾਸ ਫ਼ਰਕ ਨਜ਼ਰ ਨਹੀਂ ਆਉਂਦਾ, ਪਰ ਤਕਨੀਕੀ ਪੱਖੋਂ ਵੇਖੀਏ ਤਾਂ ਬਕੈਣ ਰੁੱਖ ਦੇ ਪੱਤੇ ਛੋਟੇ, ਛਤਰ ਸੰਘਣਾ ਤੇ ਸੰਘਣੀ ਛਾਂ ਹੁੰਦੀ ਹੈ ਅਤੇ ਕੱਦ ਵੀ ਛੋਟਾ ਹੁੰਦਾ ਹੈ। ਡੇਕ ਦੇ ਪੱਤੇ ਦਸੰਬਰ-ਜਨਵਰੀ ਦੇ ਮਹੀਨੇ ਪੀਲੇ ਪੈ ਕੇ ਝੜ ਜਾਂਦੇ ਅਤੇ ਨਵੇਂ ਪੱਤੇ ਮਾਰਚ ਮਹੀਨੇ ਵਿੱਚ ਨਿਕਲ ਆਉਂਦੇ ਹਨ। ਬਹਾਰ ਰੁੱਤ ਇਹੋ ਰੁੱਖ ਕਾਸ਼ਣੀ ਰੰਗ ਦੇ ਫੁੱਲਾਂ ਸੰਗ ਲੱਦ ਜਾਂਦੇ ਹਨ। ਕਾਸ਼ਣੀ ਰੰਗ ਦੇ ਫੁੱਲ ਰੁੱਖਾਂ ਉਪਰ 10-15 ਦਿਨ ਤੱਕ ਟਿਕਦੇ ਅਤੇ ਹੌਲੀ ਹੌਲੀ ਝੜ ਜਾਂਦੇ ਹਨ। ਕੁਝ ਸਮੇਂ ਬਾਅਦ ਗੋਲ ਮੋਲ, ਗੁਠਲੀਦਾਰ, ਗੁੱਦੇ ਨਾਲ ਭਰੇ ਫ਼ਲ ਲੱਗਣ ਲੱਗਦੇ ਹਨ, ਜੋ ਸਰਦੀਆਂ ਵਿੱਚ ਪੱਕਦੇ ਹਨ। ਸ਼ੁਰੂ ਵਿੱਚ ਸਾਫ਼ ਤੇ ਕੂਲੇ, ਹਰੇ ਰੰਗ ਦੇ ਇਹ ਫ਼ਲ ਬਾਅਦ ਵਿੱਚ ਪੀਲੇ-ਪੀਲੇ ਝੁਰੜੀਦਾਰ ਹੋ ਜਾਂਦੇ ਜੋ ਲੰਬਾ ਸਮਾਂ ਗੁੱਛਿਆਂ ਦੇ ਰੂਪ ਵਿੱਚ ਲਟਕਦੇ ਨਜ਼ਰ ਆਉਂਦੇ ਹਨ। ਇਨ੍ਹਾਂ ਫ਼ਲਾਂ ਨੂੰ ਡਿਕਾਨੂੰ, ਡਕਾਣੂ, ਧਰੇਕਾਨੂੰ ਜਾਂ ਗਟੋਲੀਆਂ ਕਿਹਾ ਜਾਂਦਾ ਹੈ। ਇਨ੍ਹਾਂ ਗਟੋਲੀਆਂ ਵਿੱਚ ਪੰਜ ਬੀਜ ਹੁੰਦੇ ਹਨ ਤੇ ਵਿਚਾਲੇ ਕੁਦਰਤੀ ਛੇਕ ਹੁੰਦਾ ਹੈ। ਇਨ੍ਹਾਂ ਰੁੱਖਾਂ ਦੇ ਟਾਹਣੇ ਜ਼ਿਆਦਾ ਸਖ਼ਤ ਜਾਨ ਨਹੀਂ ਹੁੰਦੇ, ਜਿਨ੍ਹਾਂ ਬਾਰੇ ਸਾਹਿਤ-ਸਿੱਠਣੀਆਂ ਵਿੱਚ ਵੀ ਜ਼ਿਕਰ ਸੁਣਨ ਨੂੰ ਮਿਲਦਾ ਹੈ-

*ਲਾੜੇ ਦੀ ਭੈਣ ਚੜ੍ਹ ਗਈ ਡੇਕ*
*ਟੁੱਟ ਗਿਆ ਟਾਹਣਾ, ਡਿੱਗ ਪਈ ਹੇਠ*
*ਪੁੱਛ ਲੋ ਮੁੰਡਿਓ ਰਾਜੀ ਐ*
*ਸਾਡੇ ਮੁੰਡੇ ਦੇ ਆਉਣ ਨੂੰ ਕਹਿੰਦੀ ਐ*
*ਕਹਿੰਦੀ ਐ ਬਈ ਕਹਿੰਦੀ ਐ*

ਇਸ ਦੇ ਬੇਹੱਦ ਕੌੜੇ ਫ਼ਲਾਂ ਵਿਚੋਂ ਤੇਲ ਨਿਕਲਦਾ ਹੈ ਜੋ ਦਵਾਈਆਂ ਦੇ ਰੂਪ ਵਿੱਚ ਵਰਤਿਆ ਜਾਂਦਾ ਹੈ। ਇਸ ਦੇ ਫੁੱਲਾਂ ਅਤੇ ਪੱਤਿਆਂ ਦੇ ਲੇਪ ਤਿਆਰ ਕਰਕੇ ਫੋੜੇ ਫਿਨਸੀਆਂ ਉਪਰ ਲਾਉਣ ਲਈ ਵਰਤਿਆ ਜਾਂਦਾ ਸੀ। ਇਸ ਰੁੱਖ ਦੀਆਂ ਜੜ੍ਹਾਂ ਦੀ ਵਰਤੋਂ ਕੀਟਨਾਸ਼ਕ ਵਜੋਂ ਕੀਤੀ ਜਾਂਦੀ ਹੈ ਅਤੇ ਡਿਕਾਨੂੰਆ ਦੀਆਂ ਗਿਟਕਾਂ ਹਾਰ-ਹਮੇਲਾਂ ਅਤੇ ਮਾਲਾ-ਤਸਬੀਆਂ ਬਣਾਉਣਾਂ ਦੇ ਕੰਮ ਆਉਂਦੀਆਂ ਹਨ। ਇਸ ਦੀ ਲੱਕੜ ਖਿਡੌਣੇ, ਢਾਂਚੇ ਤੇ ਬਾਲਣ ਦੇ ਕੰਮ ਆਉਂਦੀ ਹੈ ਤੇ ਕੱਪੜਿਆਂ ਵਿੱਚ ਵੀ ਪੱਤੇ ਰੱਖੇ ਜਾਂਦੇ ਹਨ। ਬਰਸਾਤ ਦੇ ਦਿਨੀਂ ਇਕੱਠੇ ਕੀਤੇ ਬੀਜ ਜਾਂ ਕਟਿੰਗ ਰਾਹੀਂ ਇਸਦੀ ਨਵੀਂ ਪੌਦ ਤਿਆਰ ਕੀਤੀ ਜਾ ਸਕਦੀ ਹੈ। ਇਹ ਰੁਖ ਕਈ ਤਰ੍ਹਾਂ ਦੀ ਜ਼ਮੀਨ ਵਿੱਚ ਵਧਣ ਦੀ ਸਮੱਰਥਾ ਰੱਖਦੇ ਹਨ, ਪਰ ਪਹਿਲੇ ਸਾਲਾਂ ਵਿੱਚ ਵਧਣ ਦੀ ਸਮੱਰਥਾ ਰੱਖਦੇ ਹਨ, ਪਰ ਪਹਿਲੇ ਸਾਲਾਂ ਵਿੱਚ ਕਈ ਵਾਰ ਕੋਰਾ ਮਾਰ ਕਰ ਜਾਂਦਾ ਹੈ। ਜੜ੍ਹਾਂ ਬਹੁਤ ਡੂੰਘੀਆਂ ਨਾ ਹੋਣ ਕਰ ਕੇ ਤੇਜ਼ ਹਨੇਰੀਆਂ ਨਾਲ ਪੁੱਟਿਆ ਜਾ ਸਕਦਾ ਹੈ। ਇਸੇ ਕਰਕੇ ਝੁੰਡ ਜਾਂ ਛਾਂ ਲਈ ਲਾਉਣਾ ਬਿਤਹਰ ਅਤੇ ਰਸਤਿਆਂ ਕਿਨ-ਾਰੇ ਲਾਉਣ ਤੋਂ ਗੁਰੇਜ਼ ਕੀਤਾ ਜਾਂਦਾ ਹੈ। ਇਸ ਦਾ ਵਾਧਾ ਜਲਦੀ ਹੋਣ ਕਰਕੇ ਖ਼ੂਬ ਪੰਸਦ ਕੀਤਾ ਜਾਂਦਾ ਹੈ। ਅੱਜ ਕੱਲ੍ਹ ਪਸ਼ੂਆਂ ਲਈ ਲੋਕਾਂ ਨੇ ਪੱਕੇ ਸ਼ੈਡ ਪਾ ਲਏ ਹਨ, ਪਹਿਲਾਂ ਅਕਸਰ ਵਾੜਿਆਂ ਵਿੱਚ ਡੇਕਾ-ਬਕੈਣਾਂ ਨਜ਼ਰ ਆਉਂਦੀਆਂ ਸਨ। ਦਰਅਸਲ ਪਹਿਲਾਂ ਕੱਚੇ ਵਿਹੜੇ ਜਾਂ ਸਥਾਨਾਂ ਵਿੱਚ ਇਹ ਰੁੱਖ ਖ਼ੂਬ ਵਧਦੇ ਫੁੱਲਦੇ ਸਨ ਅਤੇ ਪੱਤੇ ਧਰਤ ਵਿੱਚ ਰਲ ਜਾਂਦੇ ਸਨ। ਅੱਜ ਨਵਾਂ ਮਾਮਲਾ ਇਹ ਹੋ ਗਿਆ ਹੈ ਕਿ ਲੋਕਾਂ ਨੂੰ ਡਿਗਦੇ ਪੱਤੇ ਗੰਦ ਦਾ ਰੂਪ ਜਾਪਦੇ ਹਨ। ਕੁਦਰਤ ਤੋਂ ਟੁੱਟ ਰਿਹਾ ਮਨੁੱਖ ਬਣਾਵਟੀ ਵਸਤਾਂ ਤੇ ਮਾਹੌਲ ਵੱਲ ਵੱਧ ਆਕਰਸ਼ਿਤ ਹੋ ਰਿਹਾ ਹੈ। ਕੁਦਰਤ ਤੋਂ ਬਣੀ ਦੂਰੀ ਦਾ ਹੀ ਨਤੀਜਾ ਹੈ ਕਿ ਅਸੀਂ ਮਹਾਂਮਾਰੀਆਂ ਨਾਲ ਜੂਝਣਾ ਸ਼ੁਰੂ ਹੋ ਗਏ ਹਾਂ। ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ, ਕਾਦਰ ਦੀ ਕੁਦਰਤ ਸੰਗ ਦੋਸਤੀ ਪਾਈਏ ਅਤੇ ਕੁਦਰਤੀ ਨਿਆਮਤਾਂ, ਰੁੱਖਾਂ-ਬਿਰਖਾਂ ਸੰਗ ਧਰਤ ਸਜਾਈਏ।

*ਘਰ ਘਰ ਡੇਕਾਂ ਫੁੱਲੀਆਂ*
*ਵੇ ਮੇਰੇ ਸਰਵਣਾ ਵੀਰਾ*
*ਘਰ ਘਰ ਠੰਢੜੀ ਛਾਂ*
*ਵੇ ਵੀਰਾ ਰਾਜਿਆ*
*ਸਭਨਾਂ ਦੇ ਵੀਰ ਮਿਲ ਗਏ*
*ਵੇ ਮੇਰੇ ਸਰਵਣਾ ਵੀਰਾ*
*ਮੈਂ ਪਰਦੇਸਣ ਦੂਰ*
*ਵੇ ਵੀਰਾ ਰਾਜਿਆ।*

# ਚਿੰਤਾ ਦੀਰਘ ਰੋਗ ਹੈ

-ਪ੍ਰੋਫੈਸਰ ਬਸੰਤ ਸਿੰਘ ਬਰਾੜ

ਅੱਜਕੱਲ੍ਹ ਬਹੁਤ ਸਾਰੇ ਲੋਕ ਕੋਰੋਨਾ ਵਾਇਰਸ ਦੇ ਡਰ ਤੇ ਚਿੰਤਾ ਕਾਰਨ ਤਣਾਅ ਵਿੱਚ ਹਨ। ਵਿਗਿਆਨ ਮੰਨਦਾ ਹੈ ਕਿ ਡਰ ਤੇ ਚਿੰਤਾ ਤਿਆਗਣ ਅਤੇ ਹਾਂ ਪੱਖੀ ਸੋਚ ਅਪਣਾਉਣ ਨਾਲ ਰੋਗ ਲੱਗਦੇ ਹੀ ਨਹੀਂ ਜਾਂ ਜਲਦੀ ਠੀਕ ਹੋ ਜਾਂਦੇ ਹਨ। ਚਿੰਤਾ ਚਿਤਾ ਬਰਾਬਰ ਹੈ, ਬੱਸ ਟਿੱਪੀ ਦਾ ਫਰਕ ਹੈ। ਆਮ ਹਾਲਾਤਾਂ ਵਿੱਚ ਵੀ ਆਪਣੇ ਸਮਾਜ ਵਿੱਚ ਹਰ ਕਿਸੇ ਦੀ ਜ਼ੁਬਾਨ 'ਤੇ ਟੈਂਸ਼ਨ ਦਾ ਮਾਰੂ ਰਾਗ ਰਹਿੰਦਾ ਹੈ। ਮਾਵਾਂ ਅਤੇ ਦਾਦੀਆਂ ਆਪਣੇ ਹਰ ਉਮਰ ਦੇ ਬੱਚੇ-ਬੱਚੀਆਂ ਦੇ ਵਿਅਰਥ ਫਿਕਰਾਂ ਵਿੱਚ ਵਾਲ ਚਿੱਟੇ ਕਰਵਾ ਲੈਂਦੀਆਂ ਹਨ। ਉਨ੍ਹਾਂ ਦੇ ਖਾਣ-ਪੀਣ, ਸੌਣ-ਉਠਣ, ਪੜ੍ਹਾਈ-ਨੌਕਰੀ, ਬਾਹਰ ਜਾ ਕੇ ਮੁੜਨ ਦੀ ਚਿੰਤਾ ਉਨ੍ਹਾਂ ਦੇ ਚਿਹਰੇ 'ਤੇ ਸਮੇਂ ਤੋਂ ਪਹਿਲਾਂ ਝੁਰੜੀਆਂ ਪਾ ਦਿੰਦੀ ਹੈ। ਕੋਵਿਡ 19 ਦੀ ਬਿਮਾਰੀ ਵਿੱਚ ਵੱਡਿਆਂ ਨੂੰ ਆਪਣੇ ਤੋਂ ਬੱਚਿਆਂ ਦੀ ਚਿੰਤਾ ਵੱਧ ਹੈ। ਚਿੰਤਾ ਸਿਰਫ ਮਾਨਸਿਕ ਨਹੀਂ, ਬਹੁਤ ਸਾਰੀਆਂ ਸਰੀਰਕ ਬਿਮਾਰੀਆਂ ਨੂੰ ਜਨਮ ਦਿੰਦੀ ਹੈ। ਪੋਲੀਓ ਦੀਆਂ ਦੋ ਬੂੰਦਾਂ ਪਿਆਉਣ ਲਈ ਘੰਟੀ ਵੱਜਦੀ ਹੈ, ਚਿੰਤਾ ਰੋਗ ਤੋਂ ਬਚਣ ਦੀ ਸਲਾਹ ਕੋਈ ਨਹੀਂ ਦੇਂਦਾ।



ਵਹਿਮ ਦਾ ਇਲਾਜ ਲੁਕਮਾਨ ਹਕੀਮ ਕੋਲ ਵੀ ਨਹੀਂ ਸੀ। ਇਹ ਨਿਰੋਲ ਸਾਡੇ ਆਪਣੇ ਹੱਥ ਹੈ। ਚਿੰਤਾ ਨਾਲ ਤਣਾਅ ਤੇ ਘਬਰਾਹਟ ਪੈਦਾ ਹੁੰਦੀ ਹੈ। ਇਹ ਪੇਟ ਦੀਆਂ ਰਗਾਂ/ ਨਸਾਂ 'ਤੇ ਸਿੱਧਾ ਅਸਰ ਪਾਉਂਦੀ ਹੈ। ਉਸ ਵਿੱਚ ਪੈਦਾ ਹੋਣ ਵਾਲੇ ਲਾਭਕਾਰੀ ਰਸਾਂ ਨੂੰ ਪ੍ਰਭਾਵਤ ਕਰ ਦਿੰਦੀ ਹੈ ਅਤੇ ਅੰਤੜੀਆਂ ਵਿੱਚ ਫੋੜੇ ਬਣਾ ਦਿੰਦੀ ਹੈ। ਪੇਟ ਦੇ ਫੋੜੇ ਇਸ ਨਾਲ ਨਹੀਂ ਹੁੰਦੇ ਕਿ ਤੁਸੀਂ ਕੀ ਖਾ-ਪੀ ਰਹੇ ਹੋ, ਸਗੋਂ ਇਸ ਲਈ ਹੁੰਦੇ ਹਨ ਕਿ ਤੁਹਾਨੂੰ ਅੰਦਰੋਂ-ਅੰਦਰ ਕੀ ਖਾ ਰਿਹਾ ਹੈ। ਡਰ, ਚਿੰਤਾ, ਈਰਖਾ, ਨਫਰਤ, ਸਵਾਰਥ, ਹਕੀਕਤ ਤੋਂ ਮੂੰਹ ਮੋੜਨਾ, ਬੀਤੇ ਸਮੇਂ ਬਾਰੇ ਝੂਰਨਾ ਆਦਿ ਸਾਨੂੰ ਅੰਦਰੋਂ ਥੋਥਾ ਕਰ ਦਿੰਦੇ ਹਨ। ਇਸ ਨਾਲ ਸਰੀਰ ਦੀ ਰੋਗਾਂ ਤੋਂ ਸੁਰੱਖਿਆ ਦੇਣ ਵਾਲੀ ਪ੍ਰਣਾਲੀ ਕਮਜ਼ੋਰ ਹੋ ਜਾਂਦੀ ਹੈ। ਵਿਗਿਆਨੀ ਮੰਨਦੇ ਹਨ। ਪੇਟ ਦੇ ਫੋੜੇ, ਬਦਹਜ਼ਮੀ, ਦਿਲ ਦੇ ਰੋਗ, ਨੀਂਦ ਦੀ ਕਮੀ, ਸਿਰ-ਪੀੜ, ਥਾਇਰਾਈਡ, ਵਾਲ ਚਿੱਟੇ ਹੋਣੇ ਤੇ ਝੜਨੇ, ਕਈ ਕਿਸਮ ਦੇ ਅਧਰੰਗ, ਗਠੀਆ, ਮਧੂ-ਮੇਹ ਆਦਿ ਦੀਆਂ ਬਿਮਾਰੀਆਂ ਪਿੱਛੇ ਚਿੰਤਾ ਦਾ ਬੜਾ ਵੱਡਾ ਹੱਥ ਹੁੰਦਾ ਹੈ।

ਕਈ ਸਰੀਰਕ ਬਿਮਾਰੀਆਂ ਤੋਂ ਸੁਰੱਖਿਆ ਦੇਣ ਵਾਲੀਆਂ ਦਵਾਈਆਂ ਬਣ ਗਈਆਂ ਹਨ ਅਤੇ ਕੋਵਿਡ 19 ਤੋਂ ਸੁਰੱਖਿਆ ਦੇਣ ਵਾਲੀ ਵੈਕਸੀਨ ਬਣਾਉਣ ਲਈ ਅਰਬਾਂ, ਖਰਬਾਂ ਦੇ ਬਜਟ ਬਣ ਗਏ, ਪਰ ਮਨ ਦੀ ਸਿਹਤ ਵੱਲ ਧਿਆਨ ਘੱਟ-ਵੱਧ ਹੀ ਦਿੱਤਾ ਜਾਂਦਾ ਹੈ। ਚਿੰਤਾ ਤੋਂ ਮੁਕਤੀ ਤੇ ਹਾਂ ਪੱਖੀ ਸੋਚ ਦੇ ਚਮਤਕਾਰਾਂ ਦੇ ਤਿੰਨ ਸਿਖਿਆਦਾਇਕ ਉਦਾਹਰਣ ਪੇਸ਼ ਹਨ। ਹਬਸ਼ੀਆਂ ਨੂੰ ਗੁਲਾਮੀ ਤੋਂ ਮੁਕਤੀ ਦੇਣ ਲਈ ਅਮਰੀਕਾ 'ਚ ਰਾਸ਼ਟਰਪਤੀ ਅਬਰਾਹਮ ਲਿੰਕਨ ਦੀ ਅਗਵਾਈ ਵਿੱਚ ਚੱਲ ਰਹੇ ਗ੍ਰਹਿ ਯੁੱਧ (1861-64) ਦੇ ਆਖਰੀ ਦਿਨ ਸਨ। ਜਨਰਲ ਗ੍ਰਾਂਟ ਦੀ ਫੌਜੀ ਟੁਕੜੀ ਨੇ ਵਿਰੋਧੀ ਧਿਰ ਦੇ ਜਨਰਲ ਰਾਬਰਟ ਲੀ ਦੀ ਫੌਜ ਨੂੰ ਰਿਚਮੌਂਡ ਸ਼ਹਿਰ ਵਿੱਚ ਨੌਂ ਮਹੀਨੇ ਘੇਰੀ ਰੱਖਿਆ। ਬਹੁਤ ਤਬਾਹੀ ਹੋਈ। ਜਨਰਲ ਗ੍ਰਾਂਟ ਦੀ ਫੌਜ ਅੱਗੇ ਵਧ ਰਹੀ ਸੀ, ਪਰ ਜ਼ਿਆਦਾ ਸਿਰ ਪੀੜ ਨੇ ਉਸ ਨੂੰ ਇੱਕ ਕਿਸਾਨ ਦੇ ਘਰ ਰਾਤ ਕੱਟਣ ਨੂੰ ਮਜਬੂਰ ਕਰ ਦਿੱਤਾ। ਕਿਸਾਨ ਨੇ ਪੇਂਡੂ ਨੁਸਖੇ ਅਨੁਸਾਰ ਸਰ੍ਹੋਂ ਰਗੜ ਕੇ ਦੋਵਾਂ ਗੁੱਟਾਂ ਅਤੇ ਧੌਣ ਪਿੱਛੇ ਗਿੱਚੀ 'ਤੇ ਲਾ ਦਿੱਤੀ ਅਤੇ ਉਸ ਦੇ ਪੈਰ ਸਰ੍ਹੋਂ ਦੇ ਤੇਲ ਵਾਲੇ ਗਰਮ ਪਾਣੀ ਵਿੱਚ ਪਵਾ ਦਿੱਤੇ। ਕੁਝ ਆਰਾਮ ਮਿਲਣ 'ਤੇ ਗ੍ਰਾਂਟ ਸੌਂ ਗਿਆ, ਪਰ ਜਦ ਅੱਖ ਖੁੱਲ੍ਹੀ ਤਾਂ ਸਿਰ-ਪੀੜ ਉਵੇਂ ਦੀ ਉਵੇਂ ਅੱਖਾਂ ਚੀਰ ਰਹੀ ਸੀ। ਇੰਨੇ ਵਿੱਚ ਇੱਕ ਘੋੜਸਵਾਰ ਨੇ ਉਸ ਨੂੰ ਜਨਰਲ ਲੀ ਵੱਲੋਂ ਲਿਖੀ ਇੱਕ ਚਿੱਠੀ ਦਿੱਤੀ, ਜਿਸ ਵਿੱਚ ਲੀ ਨੇ ਆਤਮ ਸਮਰਪਣ ਦੀ ਪੇਸ਼ਕਸ਼ ਕੀਤੀ ਸੀ। ਜਨਰਲ ਗ੍ਰਾਂਟ ਨੇ ਆਤਮ ਕਥਾ ਵਿੱਚ ਲਿਖਿਆ ਹੈ ਕਿ ਚਿੱਠੀ ਪੜ੍ਹ ਕੇ ਉਸ ਦੀ ਸਿਰ ਪੀੜ ਦੂਰ ਹੋਣ ਲੱਗਿਆਂ ਇੱਕ ਸਕਿੰਟ ਨਹੀਂ ਲੱਗਾ। ਚਿੰਤਾ ਤੇ ਡਰ ਖਤਮ, ਸਿਰ ਪੀੜ ਖਤਮ। ਇਹ ਜਾਦੂ ਕਈ ਹੋਰ ਤਕੀਲਫਾਂ ਵਿੱਚ ਵੀ ਹੋ ਜਾਂਦਾ ਹੈ।

ਦੂਜੀ ਮਿਸਾਲ ਇੱਕ ਉਦਯੋਗਪਤੀ ਦੀ ਹੈ। ਉਸ ਦੇ ਪੇਟ ਵਿੱਚ ਫੋੜੇ/ ਜ਼ਖਮ ਹੋ ਗਏ ਸਨ। ਡਾਕਟਰਾਂ ਨੇ ਬਹੁਤ ਟੈਸਟ ਕੀਤੇ, ਮਹਿੰਗੀਆਂ ਦਵਾਈਆਂ ਦਿੱਤੀਆਂ, ਪਰ ਕੋਈ ਫਰਕ ਨਾ ਪਿਆ। ਆਖਰ ਉਨ੍ਹਾਂ ਨੇ ਕੋਰਾ ਜਵਾਬ ਦੇ ਕੇ ਉਸ ਨੂੰ ਘਰ ਦਿੱਤਾ। ਉਸ ਨੇ ਚਿੰਤਾ ਅਤੇ ਮੌਤ ਦਾ ਡਰ ਮਨ 'ਚੋਂ ਕੱਢ ਦਿੱਤਾ। ਉਸ ਨੂੰ ਬੜੀ ਦੇਰ ਤੋਂ ਸਮੁੰਦਰਾਂ ਦੀ ਭੱਜ-ਨੱਸ ਨੇ ਅਜਿਹਾ ਕਰਨ ਦਾ ਮੌਕਾ ਨਹੀਂ ਦਿੱਤਾ ਸੀ। ਉਸ ਨੇ ਸੋਚਿਆ ਕਿ ਮਰਨ ਤੋਂ ਪਹਿਲਾਂ ਦੁਨੀਆ ਤਾਂ ਘੁੰਮ ਲਈਏ। ਉਹ ਇੱਕ ਸਮੁੰਦਰੀ ਜਹਾਜ਼ ਵਿੱਚ ਨਿਕਲ ਪਿਆ। ਸਭ ਦਵਾਈਆਂ ਛੱਡ ਦਿੱਤੀਆਂ। ਸਭ ਕੁਝ ਖਾਣਾ-ਪੀਣਾ, ਮੁਸਾਫਰਾਂ ਨਾਲ ਨੱਚਣਾ-ਗਾਉਣਾ ਸ਼ੁਰੂ ਕਰ ਦਿੱਤਾ। ਹੌਲੀ-ਹੌਲੀ ਤਕਲੀਫ ਖਤਮ ਹੋ ਗਈ। ਛੇ ਮਹੀਨਿਆਂ ਬਾਅਦ ਜਦ ਵਾਪਸ ਆਪਣੇ ਦੇਸ਼ ਗਿਆ ਤਾਂ ਉਸ ਦਾ ਭਾਰ ਤੀਹ ਕਿਲੋ ਵੱਧ ਚੁੱਕਾ ਸੀ। ਟੈਸਟ ਕਰਵਾਏ, ਬਿਮਾਰੀ ਖਤਮ। ਕਾਰੋਬਾਰ ਦੀਆਂ ਚਿੰਤਾਵਾਂ ਨੇ ਬਿਮਾਰੀ ਲਾਈ ਸੀ। ਚਿੰਤਾ ਖਤਮ, ਬਿਮਾਰੀ ਖਤਮ। ਰੋਗ/ ਸਰੀਰਕ ਤਕਲੀਫ ਤੋਂ ਛੁਟਕਾਰਾ ਪਾਉਣ 'ਚ ਦ੍ਰਿੜ ਇੱਛਾ ਸ਼ਕਤੀ ਦੇ ਯੋਗਦਾਨ ਦੀ ਮਿਸਾਲ ਮੋਰਿਸ ਗੁੱਡਮੈਨ ਦੀ ਕਿਤਾਬ 'ਇੱਕ ਚਮਤਕਾਰੀ ਆਦਮੀ, ਮਨੁੱਖੀ ਹੌਸਲੇ ਦੀ ਸੱਚੀ ਕਹਾਣੀ' ਵਿੱਚ ਮਿਲਦੀ ਹੈ। ਸੰਨ 1961 ਵਿੱਚ ਉਹ ਸ਼ੌਕੀਆ ਛੋਟਾ ਜਿਹਾ ਜਹਾਜ਼ ਉਡਾ ਰਿਹਾ ਸੀ ਕਿ ਇੰਜਣ ਅਚਾਨਕ ਬੰਦ ਹੋ ਗਿਆ। ਉਤਾਰਨ ਦੀ ਕੋਸ਼ਿਸ਼ ਵੇਲੇ ਜਹਾਜ਼ ਬਿਜਲੀ ਦੀਆਂ ਤਾਰਾਂ ਵਿੱਚ ਉਲਝ ਕੇ ਝਟਕੇ ਨਾਲ ਡਿੱਗ ਪਿਆ। ਉਸ ਦੀ ਰੀੜ੍ਹ ਦੀ ਹੱਡੀ ਦਬ ਗਈ ਅਤੇ ਗਰਦਨ ਦੇ ਦੋ ਮਣਕੇ ਹਿੱਲਣ ਨਾਲ ਅਧਰੰਗ ਹੋ ਗਿਆ। ਉਹ ਸਿਰਫ ਅੱਖਾਂ ਝਪਕ ਸਕਦਾ ਸੀ। ਡਾਕਟਰਾਂ ਨੇ ਕਿਹਾ ਕਿ ਉਹ ਸਾਰੀ ਉਮਰ ਗਤੀਹੀਣ ਰਹੇਗਾ, ਪਰ ਗੁੱਡਮੈਨ ਨੇ ਮਨ 'ਚ ਤੰਦਰੁਸਤ ਹੋਣ ਦੀ ਠਾਣ ਲਈ। ਲੰਬੇ ਅਭਿਆਸ ਤੋਂ ਬਾਅਦ ਉਹ ਮਸ਼ੀਨ ਦੀ ਮਦਦ ਬਿਨਾਂ ਸਾਹ ਲੈਣ ਲੱਗ ਪਿਆ। ਬੋਲਣਾ ਸਿੱਖਣ ਦੇ ਅਭਿਆਸ ਨਾਲ ਉਸ ਨੇ ਪਹਿਲਾ ਸ਼ਬਦ 'ਮਾਮਾ' ਬੋਲਿਆ।

ਬਹਾਲੀ ਵਾਲੇ ਕੇਂਦਰ ਵਿੱਚ ਉਸ ਨੇ ਭੋਜਨ ਖਾਣਾ ਅਤੇ ਤੁਰਨਾ ਸਿੱਖਣਾ ਸ਼ੁਰੂ ਕਰ ਦਿੱਤਾ। ਲੰਬੀ ਸਰੀਰਕ ਥੈਰੇਪੀ ਨਾਲ ਉਹ ਖੜ੍ਹਾ ਹੋਣ ਲੱਗ ਪਿਆ। ਆਪਣੇ ਮਨ ਵਿੱਚ ਮਿੱਥੇ ਹੋਏ ਦਿਨ ਉਹ ਤੁਰ ਕੇ ਹਸਪਤਾਲ ਤੋਂ ਬਾਹਰ ਗਿਆ। ਉਸ ਦਾ ਸੰਦੇਸ਼ ਹੈ : "ਆਦਮੀ ਜੋ ਸੋਚਦਾ ਹੈ, ਉਸੇ ਤਰ੍ਹਾਂ ਬਣ ਜਾਂਦਾ ਹੈ।" ਕੋਵਿਡ 19 ਵਰਗੀਆਂ ਗੰਭੀਰ ਬਿਮਾਰੀਆਂ ਵਿੱਚ ਵੀ ਇਸ ਤੋਂ ਬਚਣ ਤੇ ਠੀਕ ਹੋਣ ਵਿੱਚ ਪ੍ਰਬਲ ਇੱਛਾ ਸ਼ਕਤੀ ਬਹੁਤ ਮਦਦ ਕਰ ਸਕਦੀ ਹੈ। ਇਸ ਨਾਲ ਹੀ ਅਣਗਿਣਤ ਲੋਕ ਠੀਕ ਵੀ ਹੋਏ ਹਨ। ਇੱਛਾ ਸ਼ਕਤੀ ਘੱਟ ਹੋਣ ਕਾਰਨ ਕਈ ਲੋਕ ਸ਼ੱਕ ਪੈਣ 'ਤੇ ਕੋਰੋਨਾ ਦੇ ਟੈਸਟ ਨਹੀਂ ਕਰਵਾਉਂਦੇ। ਕਈ ਹਸਪਤਾਲਾਂ 'ਚੋਂ ਭੱਜ ਕੇ ਲਾਗ ਫੈਲਾ ਦਿੰਦੇ ਹਨ ਅਤੇ ਕਈ ਫਜ਼ੂਲ ਤਣਾਅ ਸਹੇੜ ਕੇ ਖੁਦਕੁਸ਼ੀ ਕਰ ਗਏ। ਬਹੁਤ ਸਾਰੇ ਲੋਕਾਂ ਦੇ ਮੂੰਹ ਤੋਂ ਚਿੰਤਾ ਝਲਕਦੀ ਹੈ। ਆਪਣੀ ਸੁਰੱਖਿਆ ਦਾ ਪੂਰਾ ਧਿਆਨ ਰੱਖ ਕੇ ਆਪਣੀ ਆਤਮਿਕ ਸ਼ਕਤੀ ਤੇ ਮਨੋਬਲ ਨੂੰ ਚੜ੍ਹਦੀ ਕਲਾ ਵਿੱਚ ਰੱਖਣ ਵਿੱਚ ਹੀ ਸਭ ਦੀ ਭਲਾਈ ਹੈ। ਚੰਗਾ ਸੋਚੋ, ਹੌਸਲਾ ਬੁਲੰਦ ਰੱਖੋ, ਸੋਸ਼ਲ ਮੀਡੀਆ 'ਤੇ ਫਜ਼ੂਲ ਦੀਆਂ ਮੱਤਾਂ ਦੇਣ ਅਤੇ ਅੰਕੜੇ ਸੁਣਾਉਣ ਵਾਲਿਆਂ ਤੋਂ ਬਚੋ। ਇਹ ਬੁਰੇ ਦਿਨ ਵੀ ਲੰਘ ਜਾਣਗੇ।

# ਮੋਦੀ ਵੱਲੋਂ ਮੁਸਲਿਮ ਦੇਸ਼ਾਂ ਦੇ ਮੁਖੀਆਂ ਨੂੰ ਈਦ ਦੀ ਵਧਾਈ, ਪਰ ਇਮਰਾਨ ਖਾਨ ਨੂੰ ਨਹੀਂ

ਨਵੀਂ ਦਿੱਲੀ, 26 ਮਈ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੱਲ੍ਹ ਆਬੂ ਧਾਬੀ ਦੇ ਕਰਾਊਨ ਪ੍ਰਿੰਸ ਸ਼ੇਖ਼ ਮੁਹੰਮਦ ਬਿਨ ਜਾਇਦ ਅਲ ਨਾਹਿਆਨ ਅਤੇ ਬੰਗਲਾ ਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਨੂੰ ਈਦ ਦੀ ਮੁਬਾਰਕਬਾਦ ਦਿੱਤੀ। ਉਨ੍ਹਾਂ ਨੇ ਕੋਰੋਨਾ ਵਾਇਰਸ ਮਹਾਮਾਰੀ ਦੇ ਕਾਰਨ ਉਭਰੀ ਸਥਿਤੀ 'ਤੇ ਚਰਚਾ ਵੀ ਕੀਤੀ।






ਇਸ ਮੌਕੇ ਨਰਿੰਦਰ ਮੋਦੀ ਨੇ ਟਵਿੱਟਰ ਉਤੇ ਲਿਖਿਆ, ਮੁਹੰਮਦ ਬਿਨ ਜਾਇਦ ਅਤੇ ਯੂ ਏ ਈ ਦੀ ਜਨਤਾ ਲਈ ਈਦ ਦੀ ਮੁਬਾਰਕਬਾਦ। ਪ੍ਰਧਾਨ ਮੰਤਰੀ ਨੇ ਯੂ ਏ ਈ ਵਿੱਚ ਭਾਰਤੀ ਨਾਗਰਿਕਾਂ ਦਾ ਸਹਿਯੋਗ ਕਰਨ ਲਈ ਕਰਾਊਨ ਪ੍ਰਿੰਸ ਦਾ ਸ਼ੁਕਰੀਆ ਵੀ ਅਦਾ ਕੀਤਾ, ਜਿਹੜੇ ਯੂ ਏ ਈ ਹਥਿਆਰਬੰਦ ਫੌਜ ਦੇ ਉਪ ਸਰਬ ਉਚ ਕਮਾਂਡਰ ਹਨ। ਉਨ੍ਹਾਂ ਕਿਹਾ ਕਿ ਭਾਰਤ-ਯੂ ਏ ਈ ਸਹਿਯੋਗ ਕੋਵਿਡ 19 ਚੁਣੌਤੀ ਦੇ ਦੌਰਾਨ ਹੋਰ ਮਜ਼ਬੂਤ ਹੋਇਆ ਹੈ।

ਬੰਗਲਾ ਦੇਸ਼ ਦੀ ਪ੍ਰਧਾਨ ਮੰਤਰੀ ਹਸੀਨਾ ਦੇ ਨਾਲ ਚਰਚਾ ਵਿੱਚ ਮੋਦੀ ਨੇ ਉਨ੍ਹਾਂ ਨੂੰ ਅਤੇ ਬੰਗਲਾ ਦੇਸ਼ ਦੇ ਲੋਕਾਂ ਨੂੰ ਈਦ ਦੀ ਮੁਬਾਰਕਬਾਦ ਦਿੱਤੀ। ਉਨ੍ਹਾਂ ਇੱਕ ਹੋਰ ਟਵੀਟ ਵਿੱਚ ਕਿਹਾ, ਅਸੀਂ ਚੱਕਰਵਾਤ ਅੰਫਾਨ ਦੇ ਪ੍ਰਭਾਵ ਬਾਰੇ ਅਤੇ ਕੋਵਿਡ 19 ਮਹਾਮਾਰੀ ਦੀ ਮੌਜੂਦਾ ਸਥਿਤੀ 'ਤੇ ਚਰਚਾ ਕੀਤੀ। ਇਸ ਚੁਣੌਤੀ ਪੂਰਨ ਸਮੇਂ ਵਿੱਚ ਬੰਗਲਾ ਦੇਸ਼ ਨੂੰ ਭਾਰਤ ਵੱਲੋਂ ਸਹਿਯੋਗ ਜਾਰੀ ਰੱਖਣ ਦੀ ਵਚਨਬੱਧਤਾ ਵੀ ਦੋਹਰਾਈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮ-ਰਾਨ ਖਾਨ ਨੂੰ ਵਧਾਈ ਨਹੀਂ ਦਿੱਤੀ, ਜਿਸ ਦੇ ਕਈ ਕਾਰਨ ਹਨ। ਸਭ ਤੋਂ ਵੱਡਾ ਕਾਰਨ ਇਹੀ ਹੈ ਕਿ ਪਾਕਿਸਤਾਨ ਆਪਣੀਆਂ ਹਰਕਤਾਂ ਤੋਂ ਬਾਜ ਨਹੀਂ ਆ ਰਿਹਾ ਹੈ। ਕੋਰੋਨਾ ਕਾਲ ਵਿੱਚ ਵੀ ਉਹ ਭਾਰਤ ਵਿੱਚ ਦਹਿਸ਼ਤ ਫੈਲਾਉਣ ਲੱਗਾ ਹੋਇਆ ਹੈ। ਇਸ ਮਹੀਨੇ ਦੇ ਸ਼ੁਰੂ ਵਿੱਚ ਹੀ ਕਸ਼ਮੀਰ ਵਿੱਚ ਅੱਤਵਾਦੀ ਹਮਲਾ ਹੋਇਆ ਸੀ ਅਤੇ ਸੀਜਫਾਇਰ ਦੀ ਉਲੰਘਣਾ ਕਰਨਾ ਪਾਕਿਸਤਾਨ ਲਈ ਰੋਜ਼ ਦਾ ਕੰਮ ਹੈ। ਇਸ ਲਈ ਵਿੱਚ ਮੋਦੀ ਦਾ ਇਮਰਾਨ ਖਾਨ ਨੂੰ ਈਦ ਦੀ ਵਧਾਈ ਨਾ ਦੇਣਾ ਸਿੱਧਾ-ਸਿੱਧਾ ਇਹ ਮੈਸੇਜ ਹੈ ਕਿ ਉਹ ਇਸ ਸਮੇਂ ਪਾਕਿਸਤਾਨ ਦੀਆਂ ਹਰਕਤਾਂ ਤੋਂ ਖਫ਼ਾ ਹਨ, ਜਿਸ ਮੌਕੇ ਮੁਬਾਰਕ ਨਹੀਂ ਦਿੱਤੀ ਜਾ ਸਕਦੀ।

# ਭਗੌੜੇ ਜ਼ਾਕਿਰ ਨਾਇਕ ਨੂੰ ਪਾਕਿਸਤਾਨ ਦੀ ਮਦਦ ਜ਼ਾਹਰ ਹੋਈ

ਨਵੀਂ ਦਿੱਲੀ, 26 (ਪੋਸਟ ਬਿਊਰੋ)- ਭਾਰਤ ਤੋਂ ਭਗੌੜੇ ਹੋਏ ਇਸਲਾਮਿਕ ਪ੍ਰਚਾਰਕ ਜ਼ਾਕਿਰ ਨਾਇਕ ਨੂੰ ਹੁੰਦੀ ਫੰਡਿੰਗ ਦਾ ਵੱਡਾ ਖ਼ੁਲਾਸਾ ਹੋਇਆ ਹੈ। ਜ਼ਾਕਿਰ ਨਾਇਕ ਨੂੰ ਲਗਾਤਾਰ ਖਾੜੀ ਦੇਸ਼ਾਂ ਤੋਂ ਫੰਡ ਮਿਲ ਰਿਹਾ ਹੈ। ਪਾਕਿਸਤਾਨ ਤੁਰਕੀ ਅਤੇ ਕਤਲ ਦਾ ਇਸਤੇਮਾਲ ਕਰ ਨਾਇਕ ਨੂੰ ਫੰਡ ਹਾਸਲ ਕਰਵਾ ਰਿਹਾ ਹੈ।



ਆਪਣੇ ਭਾਸ਼ਣਾਂ ਨਾਲ ਨਫ਼ਰਤ ਵਧਾਉਣ ਦੀ ਸਾਜ਼ਿਸ਼ ਰਚਣ ਵਾਲੇ ਜ਼ਾਕਿਰ ਨਾਇਕ ਬਾਰੇ ਜਿਹੜੀ ਜਾਣਕਾਰੀ ਪਤਾ ਲੱਗੀ ਹੈ ਉਹ ਸੱਚਮੁੱਚ ਉਸ ਦੇ ਪਾਕਿਸਤਾਨ ਪ੍ਰੇਮ ਦਾ ਸਭ ਤੋਂ ਵੱਡਾ ਸਬੂਤ ਹੈ ਜਾਂ ਨਾਇਕ ਦੇ ਸਿਰ 'ਤੇ ਪਾਕਿਸਤਾਨ ਦਾ ਹੱਥ ਹੈ। ਸੁਰੱਖਿਆ ਏਜੰਸੀਆਂ ਨੂੰ ਜਿਹੜੇ ਨਵੇਂ ਇਨਪੁਟ ਮਿਲੇ ਹਨ, ਉਸ ਤੋਂ ਬਾਅਦ ਇਹ ਗੱਲ ਹੋਰ ਪੱਕੀ ਹੋਣ ਲੱਗੀ ਹੈ ਕਿ ਹਿੰਦੁਸਤਾਨ 'ਚ ਨਫ਼ਰਤ ਦੀ ਖੇਤੀ ਨੂੰ ਵਧਾਉਣ 'ਚ ਪਾਕਿਸਤਾਨ ਜ਼ਾਕਿਰ ਨਾਇਕ ਦਾ ਮਦਦਗਾਰ ਹੈ। ਭਾਰਤ ਖ਼ਿਲਾਫ਼ ਹਰ ਸਾਜ਼ਿਸ਼ ਦੇ ਤਾਰ ਪਾਕਿਸਤਾਨ ਨਾਲ ਜੁੜ ਜਾਂਦੇ ਹਨ। ਭਗੌੜਾ ਜ਼ਾਕਿਰ ਨਾਇਕ ਸਿਰਫ ਨਫ਼ਰਤ ਫੈਲਾਉਣ ਅਤੇ ਜ਼ਹਿਰ ਉਗਲਣ ਵਾਸਤੇ ਨਹੀਂ, ਸਗੋਂ ਅੱਤਵਾਦ ਨੂੰ ਹੱਲਾਸ਼ੇਰੀ ਦੇਣ ਅਤੇ ਮਨੀ ਲਾਂਡਰਿੰਗ ਕੇਸ ਵਿੱਚ ਵੀ ਫਰਾਰ ਹੈ। ਉਹ ਸਾਲ 2016 'ਚ ਆਪਣੇ ਆਪ ਨੂੰ ਮੁਸ਼ਕਲਾਂ 'ਚ ਘਿਰਦਾ ਦੇਖ ਕੇ ਮਲੇਸ਼ੀਆ ਭੱਜ ਗਿਆ ਸੀ। ਉਸ ਨੂੰ ਉਥੇ ਸਥਾਈ ਨਿਵਾਸ ਦੀ ਇਜਾਜ਼ਤ ਵੀ ਦੇ ਦਿੱਤੀ ਗਈ ਹੈ। ਉਸ ਦੀ ਅਸਲੀਅਤ ਸਾਹਮਣੇ ਆਉਣ ਉੱਤੇ ਸਵਾਲ ਉੱਠੇ ਹਨ ਕੀ ਜ਼ਾਕਿਰ ਨਾਇਕ ਸਿਰਫ ਮੋਹਰਾ ਹੈ ਅਤੇ ਉਸ ਦਾ ਆਕਾ ਪਾਕਿਸਤਾਨ ਹੈ? ਕੀ ਪਾਕਿਸਤਾਨ ਦੀ ਫੰਡਿੰਗ ਨਾਲ ਭਾਰਤ 'ਚ ਭਗੌੜਾ ਜ਼ਾਕਿਰ ਨਾਇਕ ਨਫਰਤ ਦੀ ਸਾਜ਼ਿਸ਼ ਰਚ ਰਿਹਾ ਸੀ? ਕੀ ਇਸ ਖੇਡ 'ਚ ਪਾਕਿਸਤਾਨ, ਤੁਰਕੀ ਅਤੇ ਕਤਰ ਦੀ ਮਿਲੀਭੁਗਤ ਹੈ?

ਪਿੱਛੇ ਜਿਹੇ ਜ਼ਾਕਿਰ ਨਾਇਕ ਨੂੰ ਓਦੋਂ ਸਜ਼ਾ ਮਿਲੀ ਹੈ ਜਦੋਂ ਇੱਕ ਰੈਗੂਲੇਟਰ 'ਆਫਕਾਮ' ਜੋ ਬ੍ਰਿਟਿਸ਼ ਮੀਡੀਆ 'ਤੇ ਨਜ਼ਰ ਰੱਖਦੀ ਹੈ, ਨੇ ਵਿਵਾਦਿਤ ਉਸ ਦੇ ਪੀਸ ਟੀ ਵੀ ਨੈਟਵਰਕ ਉੱਤੇ ਕਰੀਬ 2 ਕਰੋੜ 75 ਲੱਖ ਰੁਪਏ ਦਾ ਜੁਰਮਾਨਾ ਲਾਇਆ ਹੈ। ਇਸ ਜੁਰਮਾਨੇ ਦਾ ਕਾਰਨਾ ਉਸ ਦੇ ਨਫਰਤ ਫੈਲਾਉਣ ਵਾਲੇ ਇਤਰਾਜ਼ਯੋਗ ਪ੍ਰਸਾਰਨ ਹਨ।

# ਘਰ ਬਚਾਉਣ ਲਈ 108 ਵਾਰ ਲਿਖਿਆ: ਮੈਂ ਜ਼ੋਰੂ ਦਾ ਗੁਲਾਮ ਬਣ ਕੇ ਰਹੂੰਗਾ

ਭੋਪਾਲ, 26 ਮਈ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਦੀ ਇੱਕ ਫੈਮਲੀ ਕੋਰਟ ਵਿੱਚ ਸਗਾਈ ਪਿੱਛੋਂ ਮੰਗੇਤਰ ਦੇ ਮਜਾਕ ਤੋਂ ਨਾਰਾਜ਼ ਲੜਕੀ ਦੇ ਸ਼ਾਦੀ ਤੋਂ ਇਨਕਾਰ ਕਰਨ ਉੱਤੇ ਕੱਲ੍ਹ ਓਦੋਂ ਦਿਲਚਸਪ ਮੋੜ ਆਇਆ ਜਦੋਂ ਲੜਕੇ ਦੇ 108 ਵਾਰ 'ਮੈਂ ਜ਼ੋਰੂ ਦਾ ਗੁਲਾਮ ਬਣਕੇ ਰਹੂੰਗਾ' ਲਿਖਣ ਉੱਤੇ ਲੜਕੀ ਸ਼ਾਦੀ ਲਈ ਰਾਜ਼ੀ ਹੋਈ।



ਫੈਮਿਲੀ ਕੋਰਟ ਦੀ ਕਾਊਂਸਲਰ ਸਰਿਤਾ ਰਾਜਾਰੀ ਨੇ ਦੱਸਿਆ ਕਿ ਮੁੰਬਈ ਵਿੱਚ ਨੌਕਰੀ ਕਰਦੇ ਭੋਪਾਲ ਦੇ ਇੱਕ ਲੜਕੇ ਤੇ ਲੜਕੀ ਦੀ ਸਗਾਈ ਦੇ ਬਾਅਦ ਮੰਗੇਤਰ ਨੇ ਆਪਣੇ ਹੋਣ ਵਾਲੇ ਪਤੀ ਨੂੰ ਮਜਾਕ ਵਿੱਚ ਇੱਕ ਵੀਡੀਓ ਭੇਜਿਆ। ਵੀਡੀਓ ਵਿੱਚ ਲਾਕਡਾਊਨ ਦੌਰਾਨ ਪਤੀ ਬਰਤਨ ਸਾਫ਼ ਕਰ ਰਿਹਾ ਹੈ ਅਤੇ ਪਤਨੀ ਦੇ ਇਸ਼ਾਰਿਆਂ ਉਤੇ ਨੱਚ ਰਿਹਾ ਹੈ। ਵੀਡੀਓ ਦੇ ਨਾਲ ਮੰਗੇਤਰ ਨੇ ਲਿਖਿਆ ਕਿ ਸ਼ਾਦੀ ਦੇ ਬਾਅਦ ਤੇਰੇ 'ਤੇ ਵੀ ਇਹੀ ਲਾਗੂ ਹੋਵੇਗਾ। ਰਾਜਾਨੀ ਨੇ ਦੱਸਿਆ ਕਿ ਵੀਡੀਓ ਦੇਖ ਕੇ ਨੌਜਵਾਨ ਨੇ ਜਵਾਬ ਦਿੱਤਾ, 'ਮੈਂ ਇਸ ਸ਼੍ਰੇਣੀ ਵਿੱਚ ਨਹੀਂ ਹਾਂ। ਅਜਿਹੇ ਲੋਕਾਂ ਦੀ ਅਲੱਗ ਸ਼੍ਰੇਣੀ ਹੁੰਦੀ ਹੈ।' ਉਨ੍ਹਾਂ ਨੇ ਦੱਸਿਆ ਕਿ ਇਹ ਜਵਾਬ ਲੜਕੀ ਨੂੰ ਚੁਭ ਗਿਆ ਅਤੇ ਪਹਿਲਾਂ ਦੋਵਾਂ ਦੀ ਅਣਬਣ ਹੋਈ ਅਤੇ ਫਿਰ ਲੜਕੀ ਨੇ 2 ਮਈ 2020 ਨੂੰ ਸਗਾਈ ਤੋੜ ਦਿੱਤੀ, ਜਦ ਕਿ ਦੋਵਾਂ ਦੀ ਸ਼ਾਂਦੀ 20 ਮਈ ਨੂੰ ਹੋਣੀ ਸੀ। ਪਰਵਾਰ ਦੇ ਲੋਕ ਇਸ ਉੱਤੇ ਹੈਰਾਨ ਹੋਏ ਅਤੇ ਲੜਕੀ ਨੂੰ ਮਨਾਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਹੋਈਆਂ, ਪਰ ਉਹ ਜ਼ਿੱਦ 'ਤੇ ਅੜੀ ਰਹੀ। ਇਸ ਦੇ ਬਾਅਦ ਲੜਕੇ ਦੇ ਪਰਵਾਰ ਵਾਲੇ ਫੈਮਲੀ ਕੋਰਟ ਪਹੁੰ-ਚੇ। ਉਥੇ ਚਾਰ ਦਿਨ ਲੜਕਾ ਤੇ ਲੜਕੀ ਦੋਨਾਂ ਦੀ ਕਾਊਂਸਲਿੰਗ ਕੀਤੀ ਗਈ ਅਤੇ ਲੜਕੀ ਉਸੇ ਲੜਕੇ ਨਾਲ ਸ਼ਾਦੀ ਕਰਨਾ ਮੰਨ ਗਈ। ਰਾਜਾਨੀ ਨੇ ਦੱਸਿਆ, ''ਸਾਨੂੰ ਦੋਨਾਂ ਨੂੰ ਸਮਝਾਉਣ ਵਿੱਚ ਚਾਰ ਦਿਨ ਲੱਗੇ।'' ਲੜਕੇ ਨੇ ਕਿਹਾ ਕਿ ਛੋਟੀ ਜਿਹਾ ਗੱਲ ਦਾ ਉਹ ਏਨਾ ਬੁਰਾ ਮੰਨੇਗੀ, ਉਸ ਨੂੰ ਨਹੀਂ ਪਤਾ ਸੀ। ਲੜਕੇ ਨੇ ਨਾ ਸਿਰਫ ਸਭ ਦੇ ਸਾਹਮਣੇ ਲੜਕੀ ਤੋਂ ਮਾਫ਼ੀ ਮੰਗੀ, ਬਲਕਿ 108 ਵਾਰ ਲਿਖ ਕੇ ਦਿੱਤਾ ਕਿ 'ਮੈਂ ਜ਼ੋਰੂ ਦਾ ਗੁਲਾਮ ਬਣ ਕੇ ਰਹੂੰਗਾ'। ਲੜਕੇ ਨੇ ਮੰਗੇਤਰ ਨੂੰ ਇਹ ਵੀ ਲਿਖ ਕੇ ਦਿੱਤਾ ਕਿ ਮੈਂ ਤੈਨੂੰ ਬਹੁਤ ਪਿਆਰ ਕਰਦਾ ਹਾਂ।

# ਆਮਦਨ ਲਈ ਧੜਾਧੜ ਟਿਕਟਾਂ ਵੇਚ ਕੇ ਵੇਟਿੰਗ ਦਾ ਰਿਫੰਡ ਮੋੜਨ ਵੇਲੇ ਕਹਿੰਦੇ : ਖਜ਼ਾਨਾ ਖਾਲੀ ਹੈ



ਅੰਬਾਲਾ, 26 ਮਈ (ਪੋਸਟ ਬਿਊਰੋ)- ਰੇਲਵੇ ਨੇ ਸਪੈਸ਼ਲ ਟਰੇਨ ਵਿੱਚ ਵੇਟਿੰਗ ਲਿਸਟ ਬਾਰੇ ਨਿਯਮ ਬਣਾ ਦਿੱਤੇ, ਪਰ ਉਨ੍ਹਾਂ ਨੂੰ ਲਾਗੂ ਕਰਨਾ ਭੁੱਲ ਗਈ ਹੈ। ਬੀਤੀ 13 ਮਈ ਨੂੰ ਰੇਲ ਮੰਤਰਾਲੇ ਨੇ ਦੇਸ਼ ਭਰ ਦੇ ਪ੍ਰਿੰਸੀਪਲ ਚੀਫ ਕਮਰਸ਼ੀਅਲ ਮੈਨੇਜਰਜ਼ (ਪੀ ਸੀ ਸੀ ਐੱਸ) ਨੂੰ ਪੱਤਰ ਲਿਖਿਆ, ਜਿਸ ਵਿੱਚ ਏ ਸੀ ਅਤੇ ਸਲੀਪਰ ਕਲਾਸ ਦੇ ਯਾਤਰੀਆਂ ਨੂੰ ਕਿੰਨੀ-ਕਿੰਨੀ ਵੇਟਿੰਗ ਦੇਣੀ ਹੈ, ਇਸ ਦਾ ਖੁਲਾਸਾ ਕੀਤਾ ਗਿਆ ਹੈ। ਇੱਕ ਜੂਨ ਤੋਂ ਸਪੈਸ਼ਲ ਟਰੇਨਾਂ ਚੱਲਣੀਆਂ ਹਨ। ਉਨ੍ਹਾਂ ਦੀ ਵੇਟਿੰਗ ਲਿਸਟ ਤੈਅ ਸੀਮਾ ਤੋਂ ਵੱਧ ਹੈ। ਵੇਟਿੰਗ ਟਿਕਟ ਕਨਫਰਮ ਨਹੀਂ ਹੋ ਰਿਹਾ ਤਾਂ ਲੋਕ ਰੱਦ ਕਰਵਾ ਰਹੇ ਹਨ, ਪਰ ਸਟੇਸ਼ਨਾਂ 'ਤੇ ਯਾਤਰੀਆਂ ਨੂੰ ਰੱਦ ਟਿਕਟ ਦਾ ਰਿਫੰਡ ਦੇਣ ਲਈ ਪੈਸੇਂਜਰ ਰਿਜ਼ਰਵੇਸ਼ਨ ਸਿਸਟਮ (ਪੀ ਆਰ ਐੱਸ) ਕੋਲ ਪੈਸੇ ਨਹੀਂ ਹਨ। ਕਮਰਸ਼ੀਅਲ ਵਿਭਾਗ ਅਕਾਊਂਟ ਤੋਂ ਪੈਸੇ ਲੈ ਕੇ ਰਿਫੰਡ ਦੇਣਾ ਸ਼ੁਰੂ ਕਰੇਗਾ।

ਪਤਾ ਲੱਗਾ ਹੈ ਕਿ ਇਸ ਪੱਤਰ ਵਿੱਚ ਰੇਲਵੇ ਨੇ ਵੇਟਿੰਗ ਲਿਸਟ ਬਾਰੇ ਨਿਯਮ ਬਣਾਏ ਸਨ। ਉਸ ਦੇ ਤਹਿਤ ਫਸਟ ਏ ਸੀ ਅਤੇ ਐਗਜ਼ੀਕਿਊਟਿਵ ਕਲਾਸ ਵਿੱਚ ਵੀਹ-ਵੀਹ ਸੈਕਿੰਡ, ਏ ਸੀ ਵਿੱਚ ਪੰਜਾਹ, ਥਰਡ ਏ ਸੀ ਅਤੇ ਏ ਸੀ ਚੇਅਰ ਕਾਰ ਵਿੱਚ 100, ਸਲੀਪਰ ਕਲਾਸ ਵਿੱਚ 200 ਦੀ ਵੇਟਿੰਗ ਰਹੇਗੀ। ਰੇਲਵੇ ਨੇ ਜਦ ਇਨ੍ਹਾਂ ਟਰੇਨਾਂ ਦੇ ਲਈ ਟਿਕਟਾਂ ਦੀ ਬੁਕਿੰਗ ਕੀਤੀ ਤਾਂ ਜਿੰਨੀ ਗਿਣਤੀ ਤੈਅ ਕੀਤੀ ਸੀ, ਉਸ ਤੋਂ ਜ਼ਿਆਦਾ ਦੀ ਵੇਟਿੰਗ ਦੇ ਦਿੱਤੀ ਗਈ।

# ਕਰਮਚਾਰੀ ਦੀ ਮੌਤ ਮਗਰੋਂ ਰੈਗੂਲਰ ਹੋਏ ਤੋਂ ਵੀ ਪਤਨੀ ਪੈਨਸ਼ਨ ਦੀ ਹੱਕਦਾਰ

ਚੰਡੀਗੜ੍ਹ, 26 ਮਈ (ਪੋਸਟ ਬਿਊਰੋ)- ਹਾਈ ਕੋਰਟ ਨੇ ਇੱਕ ਪਟੀਸ਼ਨ ਦਾ ਨਿਪਟਾਰਾ ਕਰਦੇ ਹੋਏ ਕਿਹਾ ਹੈ ਕਿ ਕਿਸੇ ਕਰਮਚਾਰੀ ਦੀ ਮੌਤ ਦੇ ਬਾਅਦ ਉਸ ਦੀ ਸੇਵਾ ਰੈਗੂਲਰ ਹੋਣ ਦੇ ਹੁਕਮ ਜਾਰੀ ਹੁੰਦੇ ਹਨ ਤਾਂ ਵੀ ਉਸ ਦੀ ਪਤਨੀ ਫੈਮਿਲੀ ਪੈਨਸ਼ਨ ਦੀ ਹੱਕਦਾਰ ਹੈ, ਜਿਸ ਬਾਰੇ ਪਹਿਲਾਂ ਅੜਿੱਕਾ ਪੈ ਜਾਂਦਾ ਸੀ।

ਇਸ ਕੇਸ ਵਿੱਚ ਹਰਿਆਣਾ ਦੇ ਪਲਵਲ ਦੀ ਇਮਰਤੀ ਦੇਵੀ ਨੇ ਹਾਈ ਕੋਰਟ ਵਿੱਚ ਅਰਜ਼ੀ ਦਾਇਰ ਕਰ ਕੇ ਉਸ ਦੇ ਪਤੀ ਦੀ ਮੌਤ ਦੇ ਬਾਅਦ ਤੋਂ ਉਸ ਨੂੰ ਫੈਮਿਲੀ ਪੈਨਸ਼ਨ ਅਤੇ ਐਕਸਗ੍ਰੇਸ਼ੀਆ ਲਾਭ ਦੇਣ ਦੀ ਮੰਗ ਕੀਤੀ ਸੀ। ਮਹਿਲਾ ਦੇ ਵਕੀਲ ਡੀ ਐੱਸ ਰਾਵਤ ਨੇ ਬੈਂਚ ਨੂੰ ਦੱਸਿਆ ਕਿ ਮਹਿਲਾ ਦਾ ਪਤੀ ਪੀ ਡਬਲਯੂ ਵਿੱਚ ਮਾਲੀ ਸੀ। ਫਰਵਰੀ 1996 ਵਿਭਾਗ ਨੇ ਇੱਕ ਨੀਤੀ ਹੇਠ ਉਸ ਦੀ ਸੇਵਾ ਰੈਗੂਲਰ ਕਰਨ ਦਾ ਫੈਸਲਾ ਹੋਇਆ, ਪਰ ਉਸ ਦੀ 24 ਮਈ 1996 ਨੂੰ ਮੌਤ ਹੋ ਗਈ ਸੀ। ਉਸ ਦੀ ਮੌਤ ਦੇ ਕੁਝ ਦਿਨ ਬਾਅਦ ਸਰਕਾਰ ਨੇ ਸੇਵਾ ਰੈਗੂਲਰ ਕਰਨ ਦੇ ਲਿਖਤੀ ਹੁਕਮ ਜਾਰੀ ਕੀਤੇ, ਜਿਸ ਨਾਲ ਉਸ ਨੂੰ ਇੱਕ ਫਰਵਰੀ 1996 ਉਸ ਦੀ ਸੇਵਾ ਰੈਗੂਲਰ ਕਰ ਦਿੱਤੀ ਗਈ ਸੀ। ਇਸੇ ਆਧਾਰ 'ਤੇ ਉਸ ਦੀ ਪਤਨੀ ਨੇ ਫੈਮਿਲੀ ਪੈਨਸ਼ਨ ਤੇ ਐਕਸਗ੍ਰੇਸ਼ੀਆ ਦੀ ਮੰਗ ਕੀਤੀ ਸੀ। ਵਿਭਾਗ ਨੇ ਉਸ ਦੀ ਮੰਗ ਇਸ ਆਧਾਰ 'ਤੇ ਰੱਦ ਕਰ ਦਿੱਤੀ ਕਿ ਮੌਤ ਦੇ ਸਮੇਂ ਤੱਕ ਰੈਗੂਲਰ ਸੇਵਾ ਦਾ ਹੁਕਮ ਜਾਰੀ ਨਹੀਂ ਹੋਇਆ ਸੀ। ਹਾਈ ਕੋਰਟ ਨੇ ਕਿਹਾ ਕਿ ਉਹ ਸੱਤ ਸਾਲ ਤੋਂ ਵਿਭਾਗ ਦੀ ਸੇਵਾ ਕਰ ਰਿਹਾ ਸੀ। ਇਸ ਲਈ ਉਸ ਦੀ ਸੱਤ ਸਾਲ ਦੀ ਜੋ ਸੇਵਾ ਉਸ ਨੇ ਡੈਲੀਵੇਜ਼/ ਵਰਕਚਾਰਜ ਦੇ ਤਹਿਤ ਕੀਤੀ ਹੈ, ਉਸ ਨੂੰ ਅਣਦੇਖਿਆ ਨਹੀਂ ਕੀਤਾ ਜਾ ਸਕਦਾ, ਕਿਉਂਕਿ ਸਰਕਾਰ ਨੇ ਉਸ ਦੀ ਸੇਵਾ ਰੈਗੂਲਰ ਕਰਨ ਦਾ ਫੈਸਲਾ ਪਹਿਲਾਂ ਲੈ ਲਿਆ ਸੀ, ਅਜਿਹੇ ਵਿੱਚ ਉਸ ਦੀ ਪਤਨੀ ਫੈਮਿਲੀ ਪੈਨਸ਼ਨ ਦੀ ਹੱਕਦਾਰ ਹੈ।

# ਰਾਜ ਠਾਕਰੇ ਕਹਿੰਦੈ: ਪ੍ਰਵਾਸੀ ਮਜ਼ਦੂਰਾਂ ਨੂੰ ਕੰਮ ਲਈ ਮਹਾਰਾਸ਼ਟਰ 'ਚ ਆਗਿਆ ਲੈਣੀ ਹੋਵੇਗੀ

ਮੁੰਬਈ, 26 ਮਈ (ਪੋਸਟ ਬਿਊਰੋ)- ਉਤਰ ਪ੍ਰਦੇਸ ਦੇ ਮੁੱਖ ਮੰਤਰੀ ਯੋਗੀ ਆਦਿਤਯਨਾਥ ਦੀ ਆਪਣੇ ਰਾਜ ਦੇ ਪ੍ਰਵਾਸੀ ਮਜ਼ਦੂਰਾਂ ਬਾਰੇ ਟਿੱਪਣੀ 'ਤੇ ਮਹਾਰਾਸ਼ਟਰ ਨਵਨਿਰਮਾਣ ਸੈਨਾ (ਮਨਸੇ) ਦੇ ਮੁਖੀ ਰਾਜ ਠਾਕਰੇ ਨੇ ਪਲਟਵਾਰ ਕੀਤਾ ਅਤੇ ਕਿਹਾ ਹੈ ਕਿ ਮਹਾਰਾਸ਼ਟਰ ਵਿੱਚ ਵੀ ਪ੍ਰਵਾਸੀ ਮਜ਼ਦੂਰਾਂ ਨੂੰ ਕੰਮ ਦੀ ਆਗਿਆ ਲੈਣੀ ਪਵੇਗੀ।



ਅਸਲ ਵਿੱਚ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਨੇ ਕੱਲ੍ਹ ਕਿਹਾ ਸੀ ਕਿ ਜੋ ਵੀ ਰਾਜ ਚਾਹੁੰਦਾ ਹੈ ਕਿ ਉੱਤਰ ਪ੍ਰਦੇਸ਼ ਦੇ ਪ੍ਰਵਾਸੀ ਕਾਮੇ ਉਨ੍ਹਾਂ ਵੱਲ ਵਾਪਸ ਆਉਣ, ਉਨ੍ਹਾਂ ਨੂੰ ਰਾਜ ਸਰਕਾਰ ਤੋਂ ਇਸ ਦੀ ਆਗਿਆ ਲੈਣੀ ਹੋਵੇਗੀ ਤੇ ਕਾਮਿਆਂ ਦੇ ਸਮਾਜਿਕ, ਕਾਨੂੰਨੀ ਅਤੇ ਆਰਥਿਕ ਅਧਿਕਾਰ ਯਕੀਨੀ ਕਰਨੇ ਹੋਣਗੇ। ਯੋਗੀ ਨੇ ਇਸ ਗੱਲ 'ਤੇ ਦੁਖ ਜਤਾਇਆ ਸੀ ਕਿ ਲਾਕਡਾਊਨ ਵਿੱਚ ਕਈ ਰਾਜਾਂ ਨੇ ਪ੍ਰਵਾਸੀ ਕਾਮਿਆਂ ਦਾ ਯੋਗ ਤਰੀਕੇ ਨਾਲ ਧਿਆਨ ਨਹੀਂ ਰੱਖਿਆ।

ਇਸ ਪਿੱਛੋਂ ਯੋਗੀ ਆਦਿਤਿਆਨਾਥ ਨੂੰ ਜਵਾਬ ਦਿੰਦੇ ਹੋਏ ਰਾਜ ਠਾਕਰੇ ਨੇ ਕਿਹਾ ਕਿ ਜੇ ਆਦਿਤਯਨਾਥ ਇਸ ਗੱਲ 'ਤੇ ਜ਼ੋਰ ਦੇ ਰਹੇ ਹਨ ਕਿ ਉਤਰ ਪ੍ਰਦੇਸ਼ ਦੇ ਲੋਕਾਂ ਨੂੰ ਕੰਮ ਦੇਣ ਲਈ ਆਗਿਆ ਲੈਣੀ ਹੋਵੇਗੀ ਤਾਂ ਉਨ੍ਹਾਂ ਨੂੰ ਵੀ ਇਥੇ ਕੰਮ ਕਰਨ ਲਈ ਮਹਾਰਾਸ਼ਟਰ ਸਰਕਾਰ ਤੋਂ ਆਗਿਆ ਲੈਣੀ ਹੋਵੇਗੀ। ਮਹਾਰਾਸ਼ਟਰ ਸਰਕਾਰ ਨੂੰ ਇਨ੍ਹਾਂ ਗੱਲਾਂ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਕੋਈ ਵੀ ਮਜ਼ਦੂਰ ਇਥੇ ਕੰਮ ਕਰਨ ਆਵੇਗਾ, ਉਸ ਨੂੰ ਸਰਕਾਰ ਦੇ ਨਾਲ ਸਥਾਨਿਕ ਪ੍ਰਸ਼ਾਸਨ ਦੇ ਕੋਲ ਰਜਿਸਟਰ ਕਰਵਾਉਣਾ ਅਤੇ ਆਪਣੇ ਦਸਤਾਵੇਜ਼ ਅਤੇ ਤਸਵੀਰਾਂ ਜਮ੍ਹਾ ਕਰਵਾਉਣੀਆਂ ਹੋਣਗੀਆਂ।

# ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਅਗਨ ਭੇਟ



ਬਟਾਲਾ, 26 ਮਈ (ਪੋਸਟ ਬਿਊਰੋ)- ਪਿੰਡ ਜਸੜ ਦੇ ਗੁਰਦੁਆਰਾ ਸਾਹਿਬ ਵਿੱਚ ਦੁਪਹਿਰ ਸਮੇਂ ਅੱਗ ਲੱਗਣ ਨਾਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਵਰੂਪ ਅਗਨ ਭੇਟ ਹੋ ਜਾਣ ਦੀ ਖਬਰ ਮਿਲੀ ਹੈ।

ਇਸ ਸੰਬੰਧ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਮੈਂਬਰ ਅਮਰੀਕ ਸਿੰਘ ਵਿਛੋਆ ਨੇ ਦੱਸਿਆ ਕਿ ਅਮ੍ਰਿਤਪਾਲ ਕੌਰ ਪੁੱਤਰੀ ਦਰਸ਼ਨ ਸਿੰਘ ਪਿੰਡ ਜੱਸੜ ਕੱਲ੍ਹ ਸ਼ਾਮ ਪਿੰਡ ਦੇ ਗੁਰਦੁਆਰਾ ਸਾਹਿਬ ਸੁਖ ਸਾਗਰ ਵਿੱਚ ਰਹਿਰਾਸ ਦਾ ਪਾਠ ਕਰਨ ਆਈ ਸੀ। ਉਸ ਨੇ ਜਦੋਂ ਦਰਵਾਜ਼ਾ ਖੋਲ੍ਹਿਆ ਤਾਂ ਦੇਖਿਆ ਕਿ ਅੰਦਰ ਅੱਗ ਲੱਗਣ ਨਾਲ ਧੂੰਆਂ ਫੈਲਿਆ ਹੋਇਆ ਹੈ। ਅਮ੍ਰਿਤਪਾਲ ਕੌਰ ਨੇ ਅੱਗ ਲੱਗਣ ਬਾਰੇ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੈਡਗ੍ਰੰਥੀ ਨੂੰ ਸੂਚਨਾ ਦਿੱਤੀ। ਇਸ ਦੇ ਬਾਅਦ ਗੁਰਦੁਆਰਾ ਕਮੇਟੀ ਦੇ ਅਹੁਦੇਦਾਰਾਂ ਨੇ ਸ਼੍ਰੋਮਣੀ ਕਮੇਟੀ ਮੈਂਬਰ ਨੂੰ ਤੇ ਗੁਰਦੁਆਰਾ ਸਮਾਧ ਬਾਬਾ ਬੁੱਢਾ ਸਾਹਿਬ ਰਮਦਾਸ ਦੇ ਮੈਨੇਜਰ ਹਰਜਿੰ-ਦਰ ਸਿੰਘ ਨੂੰ ਸੂਚਨਾ ਦਿੱਤੀ, ਜਿਸ ਪਿੱਛੋਂ ਉਨ੍ਹਾਂ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਕੀਤੀ ਤਾਂ ਪਾਇਆ ਕਿ ਅੱਗ ਲੱਗਣ ਨਾਲ ਗੁਰਦੁਆਰਾ ਸੁਖ ਸਾਗਰ ਵਿੱਚ ਪ੍ਰਕਾਸ਼ ਕੀਤੇ ਗਏ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਵਰੂਪ, ਪੀੜ੍ਹਾ, ਚੰਦੋਆ ਅਤੇ ਹੋਰ ਵਸਤਰ ਅਗਨ ਭੇਟ ਹੋ ਚੁਕੇ ਸਨ। ਅਮਰੀਕ ਸਿੰਘ ਵਿਛੋਆ ਨੇ ਦੱਸਿਆ ਕਿ ਅੱਗ ਲੱਗਣ ਦੇ ਕਾਰਨ ਲੱਭਣ ਜਦੋਂ ਗੁਰਦੁਆਰਾ ਸਾਹਿਬ ਵਿੱਚ ਲੱਗੇ ਸੀ ਸੀ ਟੀ ਵੀ ਕੈਮਰਾਂ ਦੀ ਫੁਟੇਜ ਵੇਖੀ ਤਾਂ ਪਤਾ ਲੱਗਾ ਕਿ ਦੁਪਹਿਰ ਸਮੇਂ ਓਥੇ ਦੀਵਾਰ ਦੇ ਕੋਲ ਲੱਗੇ ਪੱਖੇ ਤੋਂ ਨਿਕਲੀ ਚਿੰਗਾਰੀ ਨਾਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਵਰੂਪ ਅਗਨ ਭੇਟ ਹੋਇਆ ਹੈ।

# ਵਿਦੇਸ਼ ਤੋਂ ਮੁੜੇ ਯਾਤਰੀਆਂ ਦਾ ਪੰਜਵੇਂ ਦਿਨ ਸਵੈਬ ਟੈਸਟ ਹੋਵੇਗਾ

ਜਲੰਧਰ, 26 ਮਈ (ਪੋਸਟ ਬਿਊਰੋ)- ਸਿਹਤ ਵਿਭਾਗ ਨੇ ਵਿਦੇਸ਼ ਤੋਂ ਆਏ ਯਾਤਰੀਆਂ ਅਤੇ ਦੂਸਰੇ ਰਾਜਾਂ ਤੋਂ ਪੰਜਾਬ ਮੁੜਨ ਵਾਲੇ ਲੋਕਾਂ ਲਈ ਕੱਲ੍ਹ ਸ਼ਾਮ ਨਵੀਂ ਗਾਈਡਲਾਈਨ ਜਾਰੀ ਕੀਤੀ ਹੈ। ਇਸ ਮੁਤਾਬਕ ਵਿਦੇਸ਼ ਤੋਂ ਮੁੜਨ ਵਾਲੇ ਹਰ ਯਾਤਰੀ ਦਾ ਪੰਜਵੇਂ ਦਿਨ ਸਵੈਬ ਟੈਸਟ ਹੋਵੇ-ਗਾ।




ਸਿਹਤ ਵਿਭਾਗ ਦੀ ਟੀਮ ਹਰ ਯਾਤਰੀ ਦੀ ਏਅਰਪੋਰਟ ਉਤੇ ਸਕਰੀਨਿੰਗ ਕਰੇਗੀ, ਜਿਸ ਵਿੱਚ ਕਿਸੇ ਵੀ ਯਾਤਰੀ ਵਿੱਚ ਕੋਰੋਨਾ ਦੇ ਲੱਛਣ ਨਜ਼ਰ ਆਏ ਤਾਂ ਉਸ ਨੂੰ ਸਿਵਲ ਹਸਪਤਾਲ ਲਿਜਾ ਕੇ ਸੈਂਪਲ ਲਿਆ ਜਾਏਗਾ। ਸਕਰੀਨਿੰਗ ਵਿੱਚ ਕੋਈ ਵੀ ਲੱਛਣ ਨਾ ਨਜ਼ਰ ਆਉਣ ਉੱਤੇ ਯਾਤਰੀ ਨੂੰ ਹੋਟਲ ਵਿੱਚ ਕਵਾਰੰਟਾਈਨ ਲਈ ਭੇਜ ਦਿੱਤਾ ਜਾਏਗ। ਫਿਰ ਪੰਜਵੇਂ ਦਿਨ ਉਨ੍ਹਾਂ ਦਾ ਸਵੈਬ ਟੈਸਟ ਲਿਆ ਜਾਏਗਾ। ਗਾਈਡਲਾਈਨ ਮੁਤਾਬਕ ਗੁਜਰਾਤ, ਤਾਮਿਲ ਨਾਡੂ ਤੇ ਮਹਾਰਾਸ਼ਟਰ ਆਦਿ ਰਾਜਾਂ ਤੋਂ ਲੋਕਲ ਫਲਾਈਟ ਜਾਂ ਬਸਾਂ ਰਾਹੀਂ ਪੰਜਾਬ ਆਉਂਦੇ ਲੋਕਾਂ ਦੇ ਵੀ ਹਰ ਹਾਲ ਵਿੱਚ ਸਵੈਬ ਟੈਸਟ ਹੋਣਗੇ।

ਇਸ ਦੌਰਾਨ ਪੰਜਾਬ ਦੇ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਸਰਬਤ ਸੇਵਾ ਬੀਮਾ ਯੋਜਨਾ ਹੇਠ ਸੂਚੀ ਵਿੱਚ ਸ਼ਾਮਲ ਹਸਪਤਾਲਾਂ ਵਿੱਚ ਲਾਕਡਾਊਨ ਦੇ ਦੌਰਾਨ 49189 ਤੋਂ ਵੱਧ ਰੋਗੀਆਂ ਨੂੰ ਮੁਫਤ ਇਲਾਜ ਸੇਵਾਵਾਂ ਦਿੱਤੀਆਂ ਹਨ। ਉਨ੍ਹਾ ਕਿਹਾ ਕਿ ਸੂਬੇ ਵਿੱਚ ਕੋਰੋਨਾ ਵਾਇਰਸ ਦਾ ਫੈਲਾਅ ਰੋਕਣ ਲਈ ਲਾਕਡਾਊਨ ਦੇ ਬਾਵਜੂਦ ਰਾਜ ਦੀ ਸਿਹਤ ਏਜੰਸੀ ਨੇ ਦੋ ਮਹੀਨੇ (23 ਮਾਰਚ ਤੋਂ 20 ਮਈ) ਦੇ ਅੰਦਰ ਲਗਭਗ 35628 ਈ-ਕਾਰਡ ਬਣਾਏ ਹਨ ਅਤੇ 43.85 ਕਰੋੜ ਰੁਪਏ ਦੀ ਲਾਗਤ ਨਾਲ 49189 ਤੋਂ ਵੱਧ ਰੋਗੀਆਂ ਦਾ ਇਲਾਜ ਕੀਤਾ ਹੈ। ਉਨ੍ਹਾਂ ਕਿਹਾ ਕਿ ਸਿਵਲ ਸਰਜਨਾਂ ਨੂੰ ਈ ਕਾਰਡ ਬਣਾਉਣ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਈ ਕਿਹਾ ਗਿਆ ਹੈ।

# ਵਿਦੇਸ਼ਾਂ ਵਿੱਚ ਫੈਲੇ ਕੋਰੋਨਾ ਵਾਇਰਸ ਕਾਰਨ ਪੰਜਾਬੀ ਨੌਜਵਾਨਾਂ 'ਚ ਵਿਦੇਸ਼ ਜਾਣ ਦਾ ਚਾਅ ਘਟਿਆ

ਜਲੰਧਰ, 26 ਮਈ (ਪੋਸਟ ਬਿਊਰੋ)- ਅਮਰੀਕਾ, ਕੈਨੇਡਾ, ਯੂਰਪ ਅਤੇ ਹੋਰ ਦੇਸ਼ਾਂ 'ਚ ਫੈਲੇ ਹੋਏ ਕੋਰੋਨਾ ਵਾਇਰਸ ਦੇ ਕਾਰਨ ਵਿਦੇਸ਼ ਜਾਣ ਦਾ ਚਾਅ ਪੰਜਾਬੀ ਨੌਜਵਾਨਾਂ 'ਚ ਕਾਫ਼ੀ ਘਟ ਗਿਆ ਹੈ। ਇਸ ਦੇ ਸੰਕੇਤ ਨਵੇਂ ਪਾਸ-ਪੋਰਟ ਦੇ ਲਈ ਅਰਜ਼ੀ ਦੇਣ ਵਾਲੇ ਲੋਕਾਂ ਦੀ ਗਿਣਤੀ ਤੋਂ ਮਿਲਦੇ ਹਨ। ਪਹਿਲਾਂ ਪਾਸਪੋਰਟ ਲੈਣ ਲਈ ਰੀਜਨਲ ਦਫ਼ਤਰ ਤੇ ਸੇਵਾ ਕੇਂਦਰਾਂ 'ਚ ਲੋਕਾਂ ਦੀਆਂ ਲੰਮੀਆਂ ਕਤਾਰਾਂ ਲੱਗੀਆਂ ਹੁੰਦੀਆਂ ਸਨ, ਪਰ ਪਿਛਲੇ ਦਿਨਾਂ ਤੋਂ ਨਵੇਂ ਪਾਸਪੋਰਟ ਲੈਣ ਵਾਲਿਆਂ ਦੇ ਲਈ ਅਪੁਆਇੰਟਮੈਂਟਸ ਖੋਲ੍ਹੀਆਂ ਤਾਂ ਇਨ੍ਹਾਂ ਲਈ ਲੋਕ ਨਹੀਂ ਆ ਰਹੇ।




ਰੀਜਨਲ ਪਾਸਪੋਰਟ ਅਧਿਕਾਰੀ ਰਾਜਕੁਮਾਰ ਬਾਲੀ ਨੇ ਕਿਹਾ ਕਿ ਅੱਜਕੱਲ੍ਹ ਅਪੁਆਇੰਟਮੈਂਟਾਂ ਲਈ ਜਿੰਨੀ ਗਿਣਤੀ ਰੱਖੀ ਜਾਂਦੀ ਹੈ, ਉਹ ਵੀ ਪੂਰੀ ਨਹੀਂ ਹੋ ਰਹੀ। ਉਨ੍ਹਾਂ ਦੱਸਿਆ ਕਿ ਹੁਸ਼ਿਆਰਪੁਰ ਪਾਸਪੋਰਟ ਸੇਵਾ ਕੇਂਦਰ ਨੂੰ ਛੇ ਮਈ ਨੂੰ ਖੋਲ੍ਹ ਦਿੱਤਾ ਗਿਆ ਅਤੇ ਉਥੇ 350 ਅਪੁਆਇੰਟਮੈਂਟ ਰਿਲੀਜ਼ ਕੀਤੀਆਂ ਸਨ, ਪਰ ਲੋਕਾਂ ਨੇ 150 ਅਪੁਆਇੰਟਮੈਂਟਸ ਵੀ ਨਹੀਂ ਲਈਆਂ। ਉਨ੍ਹਾਂ ਕਿਹਾ ਕਿ ਸਰਕਾਰ ਨੇ ਪਾਸ-ਪੋਰਟ ਸੇਵਾ ਕੇਂਦਰਾਂ 'ਚ 50 ਫੀਸਦੀ ਅਪੁਆਇੰਟਮੈਂਟਸ ਰਿਲੀਜ਼ ਕਰਨ ਦੀ ਆਗਿਆ ਦਿੱਤੀ ਹੈ, ਪਰ ਦੇਖਣਾ ਹੋਵ-ੇਗਾ ਕਿ ਕਿੰਨੇ ਲੋਕ ਇਸ ਦੀ ਅਰਜ਼ੀ ਦੇਣ ਆਉਂਦੇ ਹਨ। ਉਨ੍ਹਾਂ ਕਿਹਾ ਕਿ ਪਾਸਪੋਰਟ ਸੇਵਾ ਕੇਂਦਰਾਂ 'ਚੋਂ ਹਾਲੇ ਜਲੰਧਰ ਦਾ ਸਿਰਫ ਇੱਕੋ ਕੇਂਦਰ ਖੋਲ੍ਹਿਆ ਜਾ ਰਿਹਾ ਹੈ ਅਤੇ ਉਥੇ ਲੋਕਾਂ ਦਾ ਰੁਝਾਨ ਦੇਖਣ ਤੋਂ ਬਾਅਦ ਫੈਸਲਾ ਲਿਆ ਜਾਵੇਗਾ ਕਿ ਹੋਰ ਸੇਵਾ ਕੇਂਦਰਾਂ ਨੂੰ ਖੋਲ੍ਹਿਆ ਜਾਵੇ ਜਾਂ ਨਾ।

ਪਾਸਪੋਰਟ ਅਧਿਕਾਰੀਆਂ ਦਾ ਮੰਨਣਾ ਹੈ ਕਿ ਪਾਸਪੋਰਟ ਦੀ ਅਰਜ਼ੀ ਦੇਣ ਵਾਲੇ ਲੋਕਾਂ ਦੀ ਗਿਣਤੀ ਨਾਲ ਉਨ੍ਹਾਂ ਦੇ ਘਟਦੇ ਰੁਝਾਨ ਦਾ ਪਤਾ ਲਗਦਾ ਹੈ। ਪਹਿਲਾਂ ਵਿਦੇਸ਼ਾਂ 'ਚ ਨੌਕਰੀ ਲੈਣ ਜਾਂ ਘੁੰਮਣ-ਫਿਰਨ ਜਾਣ ਵਾਲੇ ਲੋਕਾਂ ਦੀ ਗਿਣਤੀ ਚੋਖੀ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਤੱਕ ਕੋਰੋਨਾ ਵਾਇਰਸ ਦੀ ਵੈਕਸੀਨ ਨਾ ਬਣੀ, ਉਦੋਂ ਤੱਕ ਲੋਕ ਵਿਦੇਸ਼ ਜਾਣ ਤੋਂ ਝਿਜਕਣਗੇ। ਇਸੇ ਤਰ੍ਹਾਂ ਜੋ ਨੌਜਵਾਨ ਨੌਕਰੀਆਂ ਦੀ ਭਾਲ 'ਚ ਵਿਦੇਸ਼ ਵੱਸਣਾ ਚਾਹੁੰਦੇ ਸਨ, ਉਨ੍ਹਾਂ ਵੀ ਹੱਥ ਪਿੱਛੇ ਖਿੱਚ ਲਏ ਹਨ ਅਤੇ ਅਗਲੇ 6-8 ਮਹੀਨਿਆਂ 'ਚ ਵਿਦੇਸ਼ ਜਾਣ ਦਾ ਰੁਝਾਨ ਸ਼ਾਇਦ ਹੀ ਨੌਜਵਾਨਾਂ 'ਚ ਦਿਖਾਈ ਦੇਵੇ।

# ਕੈਂਡਲ ਮਾਰਚ ਕੱਢਣ ਲੱਗਾ ਸੁਖਪਾਲ ਸਿੰਘ ਖਹਿਰਾ ਗ੍ਰਿਫਤਾਰ

ਜਲੰਧਰ, 26 ਮਈ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਕਾਰਨ ਲਾਏ ਲਾਕਡਾਊਨ ਦਾ ਉਲੰਘਣ ਕਰਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਜਲੰਧਰ ਪੁਲਸ ਨੇ ਉਨ੍ਹਾਂ ਦੇ ਸਾਥੀਆਂ ਸਮੇਤ ਗ੍ਰਿਫਤਾਰ ਕਰ ਲਿਆ ਹੈ। ਕੈਂਡਲ ਮਾਰਚ ਕੱਢਣ ਜਾ ਰਹੇ ਖਹਿਰਾ 'ਤੇ ਦੋਸ਼ ਹੈ ਕਿ ਉਨ੍ਹਾਂ ਨੇ ਲਾਕਡਾਊਨ ਦੌਰਾਨ ਸੋਸ਼ਲ ਡਿਸਟੈਂਸਿੰਗ ਦਾ ਪਾਲਣ ਨਹੀਂ ਕੀਤਾ। ਇਸ ਬਾਰੇ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਉਹ ਲੋਕ ਪੂਰੀ ਵਿਵਸਥਾ ਹੇਠ ਮਾਰਚ ਕੱਢਣ ਦੀ ਤਿਆਰੀ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਉਨ੍ਹਾਂ ਨੂੰ ਦੁਪਹਿਰ ਤੋਂ ਧਮਕੀ ਦੇ ਰਿਹਾ ਸੀ ਕਿ ਉਨ੍ਹਾਂ 'ਤੇ ਕੇਸ ਦਰਜ ਕੀਤਾ ਜਾਏਗਾ। ਉਨ੍ਹਾਂ ਕਿਹਾ ਕਿ ਉਹ ਕਤਲ ਹੋਣੇ ਕਬੱਡੀ ਖਿਡਾਰੀ ਦੇ ਲਈ ਇਨਸਾਫ ਮੰਗ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਅਰਵਿੰਦਰ ਪਹਿਲਵਾਨ ਦੀ ਹੱਤਿਆ ਇੱਕ ਪੁਲਸ ਵਾਲੇ ਨੇ ਕੀਤੀ ਹੈ ਅਤੇ ਉਸ ਮਾਮਲੇ ਵਿੱਚ ਸੂਬਾ ਸਰਕਾਰ ਧੱਕੇਸ਼ਾਹੀ ਕਰ ਰਹੀ ਹੈ। ਖਹਿਰਾ ਨੇ ਕਿਹਾ ਕਿ ਉਹ ਪੁਲਸ ਦੇ ਜਬਰ ਖਿਲਾਫ ਬੋਲ ਰਹੇ ਹਨ, ਜਿਸ ਦੇ ਕਾਰਨ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।



ਓਧਰ ਡੀ ਸੀ ਪੀ ਗੁਰਮੀਤ ਸਿੰਘ ਨੇ ਦੱਸਿਆ ਕਿ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਲਾਕਡਾਊਨ ਦੇ ਨਿਯਮਾਂ ਦਾ ਉਲੰਘਣ ਕਰ ਕੇ ਦੇਸ਼ਭਗਤ ਯਾਦਗਾਰ ਹਾਲ ਤੋਂ ਕੈਂਡਲ ਮਾਰਚ ਕੱਢਣ ਦੀ ਕੋਸ਼ਿਸ਼ ਕੀਤੀ, ਪਰ ਨਾ ਸੋਸ਼ਲ ਡਿਸਟੈਂਸ ਦਾ ਖਿਆਲ ਰੱਖਿਆ ਅਤੇ ਨਾ ਪੁਲਸ ਪ੍ਰਸ਼ਾਸਨ ਤੋਂ ਕੋਈ ਆਗਿਆ ਲਈ ਸੀ। ਥਾਣਾ ਚਾਰ ਵਿੱਚ ਵਿਧਾਇਕ ਖਹਿਰਾ ਸਮੇਤ ਤੀਹ ਲੋਕਾਂ 'ਤੇ ਐਪਿਡੈਮਿਕ ਡਿਸੀਜ ਐਕਟ ਦੇ ਤਹਿਤ ਕੇਸ ਦਰਜ ਕੀਤਾ ਗਿਆ ਹੈ।



# ਬ੍ਰਿਟੇਨ ਵਿੱਚ ਗੁਰਦੁਆਰੇ ਉੱਤੇ ਹਮਲਾ ਕਰਨ ਲਈ ਪਾਕਿ ਮੂਲ ਦਾ ਦੋਸ਼ੀ ਗ੍ਰਿਫਤਾਰ

ਡਰਬੀ, 26 ਮਈ (ਪੋਸਟ ਬਿਊਰੋ)- ਬ੍ਰਿਟੇਨ ਦੇ ਡਰਬੀ ਵਿੱਚ ਕੱਲ੍ਹ ਸਵੇਰੇ ਗੁਰੂ ਅਰਜਨ ਦੇਵ ਗੁਰਦੁਆਰੇ ਉਤੇ ਇੱਕ ਵਿਅਕਤੀ ਨੇ ਹਮਲਾ ਕਰ ਕੇ ਤੋੜਭੰਨ ਕੀਤੀ ਹੈ। ਇਸ ਦੌਰਾਨ ਕਿਸੇ ਨੂੰ ਕੋਈ ਸੱਟ ਨਹੀਂ ਲੱਗੀ। ਆਪਣੇ ਸਮਾਜਕ ਕੰਮਾਂ ਲਈ ਮਸ਼ਹੂਰ ਇਸ ਗੁਰਦੁਆਰੇ 'ਤੇ ਇਸ ਹਮਲੇ ਦੇ ਪਿੱਛੇ ਹੇਟ ਕਰਾਈਮ ਦੀ ਗੱਲ ਕਹੀ ਜਾ ਰਹੀ ਹੈ। ਪੁਲਸ ਨੇ ਹਮਲਾ ਕਰਨ ਵਾਲੇ ਪਾਕਿਸਤਾਨੀ ਮੂਲ ਦੇ ਵਿਅਕਤੀ ਨੂੰ ਗ੍ਰਿਫਤਾਰ ਵੀ ਕਰ ਲਿਆ ਹੈ।



ਲਾਕਡਾਊਨ ਦੇ ਦੌਰਾਨ ਗੁਰਦੁਆਰੇ ਵਿੱਚ ਧਾਰਮਿਕ ਕੰਮ ਬੰਦ ਹਨ ਅਤੇ ਰੋਜ਼ ਪ੍ਰਾਰਥਨਾ ਲਾਈਵ ਸਟਰੀਮ ਕੀਤੀ ਜਾ ਰਹੀ ਹੈ। ਗੁਰਦੁਆਰਾ ਜ਼ਰੂਰਤਮੰਦਾਂ ਤੱਕ ਖਾਣਾ ਪਹੁੰਚਾਉਣ ਦੇ ਆਪਣੇ ਕੰਮ ਬਾਰੇ ਕਾਫੀ ਜਾਣਿਆ ਜਾਂਦਾ ਹੈ। ਇਥੇ ਕੱਲ੍ਹ ਸਵੇਰੇ ਇੱਕ ਵਿਅਕਤੀ ਨੇ ਤੋੜਭੰਨ ਕੀਤੀ ਹੈ। ਤਸਵੀਰਾਂ ਵਿੱਚ ਦੇਖਿਆ ਜਾ ਸਕਦਾ ਹੈ ਕਿ ਗੁਰਦੁਆਰੇ ਦਾ ਸ਼ੀਸ਼ਾ ਟੁੱਟਿਆ ਹੋਇਆ ਹੈ। ਘਟਨਾ ਦੇ ਬਾਅਦ ਕੰਪਲੈਕਸ ਦੀ ਸਫਾਈ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਗੁਰਦੁਆਰੇ ਵੱਲੋਂ ਬਿਆਨ ਜਾਰੀ ਕਰ ਕੇ ਕਿਹਾ ਗਿਆ ਹੈ ਕਿ ਅਜਿਹੀਆਂ ਘਟਨਾਵਾਂ ਨਾਲ ਉਨ੍ਹਾਂ ਦੇ ਸੇਵਾ-ਭਾਵ ਵਿੱਚ ਕਮੀ ਨਹੀਂ ਆਏਗੀ।

# ਅਮਰੀਕਾ ਨੇ 33 ਚੀਨੀ ਕੰਪਨੀਆਂ ਨੂੰ ਕਾਲੀ ਸੂਚੀ 'ਚ ਪਾਇਆ

ਵਾਸ਼ਿੰਗਟਨ, 26 ਮਈ (ਪੋਸਟ ਬਿਊਰੋ)- ਦੁਨੀਆ ਦੀਆਂ ਦੋ ਮਹਾਂਸ਼ਕਤੀਆਂ ਚੀਨ ਅਤੇ ਅਮਰੀਕਾ ਦਾ ਤਣਾਅ ਲਗਾਤਾਰ ਵਧਦਾ ਜਾ ਰਿਹਾ ਹੈ। ਅਮਰੀਕਾ ਨੇ ਚੀਨ ਦੀਆਂ 33 ਕੰਪਨੀਆਂ ਅਤੇ ਸੰਸਥਾਵਾਂ ਨੂੰ ਵਪਾਰ ਦੀ ਕਾਲੀ ਸੂਚੀ 'ਚ ਪਾ ਦਿੱਤਾ ਹੈ। ਮੰਨਿਆ ਜਾ ਰਿਹਾ ਹੈ ਕਿ ਚੀਨ ਵੀ ਅਮਰੀਕੀ ਕੰਪਨੀਆਂ ਨੂੰ ਕਾਲੀ ਸੂਚੀ 'ਚ ਪਾ ਕੇ ਜਵਾਬ ਦੇ ਸਕਦਾ ਹੈ। ਅਮਰੀਕਾ ਦੇ ਕਾਮਰਸ ਡਿਪਾਰਟਮੈਂਟ ਨੇ ਬੀਤੇ ਦਿਨੀਂ ਕਾਲੀ ਸੂਚੀ ਵਧਾਈ ਹੈ, ਜਿਸ ਵਿੱਚ ਸ਼ਾਮਲ ਕੰਪਨੀਆਂ ਤੇ ਸੰਸਥਾਵਾਂ ਨੂੰ ਅਮਰੀਕੀ ਤਕਨਾਲੋਜੀ ਅਤੇ ਹੋਰ ਵਸਤੂਆਂ ਤੱਕ ਪਹੁੰਚ ਨੂੰ ਰੋਕਿਆ ਜਾਂਦਾ ਹੈ। ਇਸ 'ਚ ਕਿਹਾ ਹੈ ਕਿ ਇਨ੍ਹਾਂ ਵਿੱਚੋਂ 24 ਕੰਪਨੀਆਂ ਅਤੇ ਯੂਨੀਵਰਸਿਟੀਆਂ ਦੇ ਫ਼ੌਜ ਨਾਲ ਸਬੰਧ ਸਨ ਅਤੇ ਨੌਂ ਸੰਸਥਾਵਾਂ 'ਤੇ ਸ਼ਿਨਜਿਯਾਂਗ ਸੂਬੇ 'ਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ ਹਨ। ਇਸ ਫੈਸਲੇ ਦੇ ਵਿਰੋਧ 'ਚ ਆਏ ਕੁਝ ਸੰਗਠਨਾਂ ਨੇ ਅਮਰੀਕਾ ਦੇ ਉਕਤ ਕਦਮ ਦੀ ਆਲੋਚਨਾ ਕੀਤੀ ਹੈ।



ਇੰਟਨੈਟ ਸਕਿਉਰਿਟੀ ਸਾਫ਼ਟਵੇਅਰ ਦੀ ਸਪਲਾਈ ਕਰਨ ਵਾਲੀ ਤਕਨਾਲੋਜੀ ਕੰਪਨੀ ਕੁਹੀਓ 360 ਨੇ ਕਿਹਾ ਹੈ ਕਿ ਇਸ ਕਦਮ ਨਾਲ ਕਾਰੋਬਾਰ ਦਾ ਰਾਜਨੀਤੀਕਰਨ ਕੀਤਾ ਗਿਆ ਹੈ। ਵੀਡੀਓ ਰਿਕਾਰਡਜ਼ ਦਾ ਉਤਪਾਦਨ ਕਰਨ ਵਾਲੀ ਕੰਪਨੀ 'ਨੈਟਪੋਸਾ ਤਕਨਾਲੋਜੀ' ਨੇ ਕਿਹਾ ਕਿ ਇਸ ਪਾਬੰਦੀ ਤੋਂ ਉਸ ਦੇ ਰੋਜ਼ਾਨਾ ਕੰਮਕਾਜ 'ਤੇ ਵੱਡਾ ਅਸਰ ਨਹੀਂ ਹੋਵੇਗਾ। ਨਾਲ ਇਹ ਵੀ ਕਿਹਾ ਕਿ ਉਹ ਸਪਲਾਈ ਚੇਨ ਨੂੰ ਤਾਲਾ ਲਾਉਣ ਦਾ ਕੰਮ ਜਾਰੀ ਰੱਖੇਗੀ। ਚੀਨ ਦੇ ਸਾਬਕਾ ਵਪਾਰ ਮੰਤਰੀ ਅਤੇ ਕੂਟਨੀਤਕ ਝਾਓ ਸ਼ਿਆਮਿੰਗ ਨੇ ਕਿਹਾ ਕਿ ਇਸ ਕਦਮ ਨਾਲ ਅਮਰੀਕਾ ਅਤੇ ਚੀਨ ਤਕਨਾਲੋਜੀ ਕੰਪਨੀਆਂ 'ਚ 2.0 ਜਾਂ 2.5 ਜੰਗ ਸ਼ੁਰੂ ਹੋਵੇਗੀ। ਇਹ ਅੰਤਿਮ ਨਹੀਂ ਤੇ ਇਹ ਹੋਵੇਗਾ।

ਅਮਰੀਕਾ ਤੇ ਚੀਨ ਦਾ ਰਿਸ਼ਤਾ ਪਿਛਲੇ ਕੁਝ ਮਹੀਨਿਆਂ ਤੋਂ ਬੇਹੱਦ ਖ਼ਰਾਬ ਹੈ। ਚੀਨ ਤੋਂ ਨਿਕਲੇ ਕੋਰੋਨਾ ਵਾਇਰਸ ਦੀ ਮਾਰ ਸਭ ਤੋਂ ਵੱਧ ਅਮਰੀਕਾ 'ਤੇ ਪਈ ਹੈ। ਦੁਨੀਆ ਦੀਆਂ ਦੋ ਸਭ ਤੋਂ ਵੱਡੀਆਂ ਅਰਥਵਿਵਸਥਾ 'ਚ ਟਰੇਡ ਤੋਂ ਲੈ ਕੇ ਤਾਇਵਾਨ ਤੱਕ ਕਈ ਮੁੱਦਿਆਂ 'ਤੇ ਟਕਰਾਅ ਹੈ। ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਨੇ ਬੀਤੇ ਦਿਨੀਂ ਕਿਹਾ ਕਿ ਅਮਰੀਕੀ ਨੇਤਾ ਰਿਸ਼ਤੇ ਨੂੰ ਨਵੇਂ ਸ਼ਾਂਤੀ ਯੁੱਧ ਵੱਲ ਲਿਜਾ ਰਿਹਾ ਹੈ। ਅਮਰੀਕੀ ਨੇਤਾਵਾਂ ਨੇ ਹਾਂਗਕਾਂਗ 'ਤੇ ਨੈਸ਼ਨਲ ਸਕਿਉਰਿਟੀ ਕਾਨੂੰਨ ਥੋਪਣ ਨੂੰ ਲੈ ਕੇ ਚੀਨ ਦੀ ਆਲੋਚਨਾ ਕੀਤੀ ਹੈ।

# ਕੋਰੋਨਾ ਦੇ ਕਾਰਨ ਨਿਊਜ਼ੀਲੈਂਡ ਦੇ ਵੀਜ਼ਾ ਨਿਯਮ ਸਖਤ ਹੋਏ

ਆਕਲੈਂਡ, 26 ਮਈ (ਪੋਸਟ ਬਿਊਰੋ)- ਸੰਸਾਰ ਮਹਾਮਾਰੀ ਕੋਵਿਡ 19 ਦੀ ਮਾਰ ਕਾਰਨ ਬੇਰੁਜ਼ਗਾਰੀ ਨੂੰ ਘੱਟ ਕਰਨ ਲਈ ਨਿਊਜ਼ੀਲੈਂਡ ਵਿੱਚ ਵੀਜ਼ਾ ਨਿਯਮ ਹੋਰ ਸਖਤ ਕਰ ਦਿੱਤੇ ਗਏ ਹਨ, ਜਿਸ ਕਰ ਕੇ ਪਰਵਾਸੀਆਂ ਨੂੰ ਨੌਕਰੀ ਦੇਣ ਤੋਂ ਪਹਿਲਾਂ ਰੁਜ਼ਗਾਰ ਦਾਤਾ ਸਰਕਾਰੀ ਦਫਤਰਾਂ ਰਾਹੀਂ ਇਹ ਗੱਲ ਯਕੀਨੀ ਕਰਨਗੇ ਕਿ ਉਨ੍ਹਾਂ ਨੂੰ ਇਸ ਕੰਮ ਲਈ ਸਥਾਨਕ ਕਾਮਾ ਨਹੀਂ ਮਿਲਿਆ। ਸਰਕਾਰ ਦੇ ਇਮੀਗਰੇਸ਼ਨ ਮੰਤਰੀ ਨੇ ਇਹ ਸੰਕੇਤ ਵੀ ਕੀਤਾ ਹੈ ਕਿ ਜਿਹੜੇ ਪਰਵਾਸੀ ਅੱਜਕੱਲ੍ਹ ਦੇਸ਼ ਤੋਂ ਬਾਹਰ ਹਨ, ਉਨ੍ਹਾਂ ਲਈ ਵਾਪਸੀ ਦਾ ਰਾਹ ਛੇਤੀ ਨਹੀਂ ਖੁੱਲ੍ਹੇਗਾ।




ਇਹ ਖੁਲਾਸਾ ਕੱਲ੍ਹ ਇਥੇ ਰੇਡੀਓ ਇੰਟਰਵਿਊ ਦੌਰਾਨ ਇਮੀਗਰੇਸ਼ਨ ਮੰਤਰੀ ਈ ਐਨ ਲੀਸ-ਗੈਲੋਵੇਅ ਨੇ ਕੀਤਾ ਹੈ। ਉਨ੍ਹਾਂ ਦੱਸਿਆ ਕਿ ਵਿਦੇਸ਼ਾਂ ਵਿੱਚ ਫਸੇ ਬੈਠੇ ਪਰਵਾਸੀ ਕਾਮਿਆਂ ਲਈ ਨਿਊਜ਼ੀਲੈਂਡ ਵਾਪਸੀ ਛੇਤੀ ਨਹੀਂ ਹੋਵੇਗੀ। ਹਰ ਤਰ੍ਹਾਂ ਦੇ ਅਸਥਾਈ ਵਰਕ ਵੀਜ਼ੇ ਲਈ ਪਹਿਲਾਂ ਮਾਰਕੀਟ ਟੈਸਟ ਜ਼ਰੂਰੀ ਹੋਵੇਗੀ। ਉਨ੍ਹਾਂ ਇਹ ਗੱਲ ਵੀ ਮੰਨੀ ਕਿ ਵਿਦੇਸ਼ਾਂ 'ਚ ਫਸੇ ਕਾਮੇ ਔਖੀ ਘੜੀ ਵਿੱਚੋਂ ਲੰਘ ਰਹੇ ਹਨ। ਮੰਤਰੀ ਨੇ ਕਿਹਾ ਕਿ ਜਿਨ੍ਹਾਂ ਕਾਮਿਆਂ ਦੀ ਨੌਕਰੀ ਲਗਾਤਾਰ ਚੱਲ ਰਹੀ ਹੈ, ਜੇ ਉਨ੍ਹਾਂ ਨੂੰ ਵੀਜ਼ਾ ਵਧਾਉਣ ਦੀ ਲੋੜ ਹੈ ਤਾਂ ਉਨ੍ਹਾਂ ਦਾ ਵੀਜ਼ਾ ਨਿਊਜ਼ੀਲੈਂਡ ਦੀ ਜਾਬ ਮਾਰਕੀਟ 'ਤੇ ਨਿਰਭਰ ਕਰੇਗਾ ਕਿ ਉਨ੍ਹਾਂ ਦੀ ਇਥੇ ਕਿੰਨੀ ਲੋੜ ਹੈ। ਇਸ ਦਾ ਪਤਾ ਲਾਉਣ ਲਈ ਲੇਬਰ ਮਾਰਕੀਟ ਟੈਸਟ ਤੋਂ ਪਤਾ ਕੀਤਾ ਜਾਵੇਗਾ ਕਿ ਕੀ ਕੀਵੀ ਕਾਮੇ ਇਸ ਲਈ ਹਨ ਜਾਂ ਨਹੀਂ। ਉਨ੍ਹਾਂ ਸਲਾਹ ਦਿੱਤੀ ਕਿ ਜਿਹੜੇ ਕਾਮੇ ਨਿਊਜ਼ੀਲੈਂਡ ਨਾਲ ਸੰਬੰਧਤ ਕੋਈ ਮਸਲਾ ਹੱਲ ਕਰਵਾਉਣਾ ਚਾਹੁੰਦੇ ਹਨ, ਉਹ ਆਪਣੇ ਦੇਸ਼ ਦੇ ਦੂਤਘਰ ਨਾਲ ਸੰਪਰਕ ਕਰ ਸਕਦੇ ਹਨ। ਮੰਤਰੀ ਨੇ ਕਿਹਾ ਕਿ ਇਸ ਸਮੇਂ ਦੇਸ਼ ਦੀਆਂ ਸਰਹੱਦਾਂ ਬੰਦ ਹਨ ਤੇ ਇਸ ਹਾਲਤ 'ਚ ਨਿਊਜ਼ੀਲੈਂਡ ਸਰਕਾਰ ਇਨ੍ਹਾਂ ਲੋਕਾਂ ਦੀ ਕੋਈ ਮਦਦ ਨਹੀਂ ਕਰ ਸਕਦੀ। ਉਨ੍ਹਾਂ ਕਿਹਾ ਕਿ ਦੇਸ਼ ਦੀਆਂ ਸਰਹੱਦਾਂ ਬੰਦ ਹੋਣ ਨਾਲ ਹੀ ਨਿਊਜ਼ੀਲੈਂਡ ਵਿੱਚ ਕੋਵਿਡ 19 ਵਾਇਰਸ ਦੇ ਫੈਲਣ ਨੂੰ ਰੋਕਣ 'ਚ ਮਦਦ ਮਿਲੀ ਹੈ। ਵਰਨਣ ਯੋਗ ਹੈ ਕਿ ਸਰਕਾਰ ਨੇ ਪਿਛਲੇ ਦਿਨੀਂ ਇਮੀਗਰੇਸ਼ਨ ਸੋਧ ਬਿੱਲ ਪਾਸ ਕਰਵਾਇਆ ਸੀ, ਜਿਸ ਤਹਿਤ ਮੰਤਰੀ ਨੂੰ ਅਸੀਮਤ ਸ਼ਕਤੀਆਂ ਦਿੱਤੀਆਂ ਗਈਆਂ ਸਨ।

# ਨੋਬਲ ਜੇਤੂ ਵਿਗਿਆਨੀ ਨੇ ਕਿਹਾ: ਲਾਕਡਾਊਨ ਦਾ ਫੈਸਲਾ ਗਲਤ, ਇਸ ਨਾਲ ਮੌਤ ਵੱਧ ਹੋਣਗੀਆਂ

ਰੋਮ, 26 ਮਈ (ਪੋਸਟ ਬਿਊਰੋ)- ਨੋਬਲ ਇਨਾਮ ਜੇਤੂ ਵਿਗਿਆਨੀ ਮਾਈਕਲ ਲੇਵਿਟ ਨੇ ਦਾਅਵਾ ਕੀਤਾ ਹੈ ਕਿ ਕੋਰੋਨਾ ਵਾਇਰਸ ਲਾਕਡਾਊਨ ਕਾਰਨ ਮੌਤਾਂ ਦੀ ਗਿਣਤੀ ਤੇਜ਼ੀ ਨਾਲ ਵਧ ਸਕਦੀ ਹੈ। ਉਨ੍ਹਾਂ ਨੇ ਕਿਹਾ ਕਿ ਲੋਕਾਂ ਨੂੰ ਘਰਾਂ ਦੇ ਅੰਦਰ ਕੈਦ ਰੱਖਣ ਦਾ ਫੈਸਲਾ ਉਨ੍ਹਾਂ ਦੇ ਅੰਦਰ ਤਨਾਅ ਪੈਦਾ ਕਰਨ ਵਰਗਾ ਹੈ।



ਵਰਨਣ ਯੋਗ ਹੈ ਕਿ ਸਟੈਨਫੋਰਡ ਯੂਨੀਵਰਸਿਟੀ ਦੇ ਇਸ ਵਿਗਿਆਨੀ ਨੇ ਕੋਰੋਨਾ ਵਾਇਰਸ ਮਹਾਮਾਰੀ ਦੇ ਸ਼ੁਰੂ ਦੇ ਦੌਰ ਬਾਰੇ ਇਕਦਮ ਸਹੀ ਭਵਿੱਖਬਾਣੀ ਕੀਤੀ ਸੀ। ਪ੍ਰੋਫੈਸਰ ਲੇਵਿਟ ਨੇ ਇਹ ਕਿਹਾ ਕਿ ਪ੍ਰੋਫੈਸਰ ਨੀਲ ਫਰਗੂਸਨ ਦੀ ਇੱਕ ਥਿਓਰੀ ਮੁਤਾਬਕ ਇਸ ਨਾਲ ਮੌਤ ਦਾ ਅੰਦਾਜ਼ਾ 10 ਤੋਂ 12 ਗੁਣਾ ਵੱਧ ਗਿਆ ਹੈ। ਉਨ੍ਹਾਂ ਨੇ ਇਹ ਦਾਅਵਾ ਕੀਤਾ ਕਿ ਲਾਕਡਾਊਨ ਨਾਲ ਮਹਾਮਾਰੀ ਦੇ ਪ੍ਰਸਾਰ 'ਤੇ ਰੋਕ ਨਹੀਂ ਲੱਗੀ ਜਦੋਂ ਕਿ ਇਸ ਦੇ ਕਾਰਨ ਲੱਖਾਂ ਲੋਕਾਂ ਦੀ ਰੋਜ਼ੀ-ਰੋਟੀ ਨਸ਼ਟ ਹੋ ਗਈ ਹੈ। ਪ੍ਰੋਫੈਸਰ ਲੇਵਿਟ ਨੇ ਕਿਹਾ ਕਿ ਲਾਕਡਾਊਨ ਨੇ ਕੋਰੋਨਾ ਵਾਇਰਸ ਤੋਂ ਮਨੁੱਖੀ ਜੀਵਨ ਦੀ ਰੱਖਿਆ ਨਹੀਂ ਕੀਤੀ, ਸਗੋਂ ਇਸ ਦਾ ਨੁਕਸਾਨ ਹੋਇਆ ਹੈ। ਇਸ ਨਾਲ ਸੜਕ ਦੁਰਘਟਨਾ ਨਾਲ ਹੋਣ ਵਾਲੀਆਂ ਮੌਤਾਂ 'ਚ ਕਮੀ ਆਈ ਹੈ ਪਰ ਘਰੇਲੂ ਅਪਰਾਧ ਵਧੇ ਹਨ। ਪ੍ਰੋਫੈਸਰ ਲੇਵਿਟ ਨੂੰ 2013 'ਚ ਕੈਮਿਸਟਰੀ ਦਾ ਨੋਬਲ ਇਨਾਮ ਮਿਲਿਆ ਸੀ। ਉਨ੍ਹਾਂ ਨੇ ਕਿਹਾ ਕਿ ਲਾਕਡਾਊਨ ਨੂੰ ਹਟਾਏ ਜਾਣ ਤੋਂ ਬਾਅਦ ਤੋਂ ਇਨਫੈਕਸ਼ਨ ਦੀ ਦਰ 'ਚ ਗਿਰਾਵਟ ਆਈ ਹੈ।

# ਜਨਰਲ ਬਾਜਵਾ ਕਹਿੰਦੈ: ਕਸ਼ਮੀਰ ਨੂੰ ਪਾਕਿ ਕੌਮਾਂਤਰੀ ਮੁੱਦਾ ਬਣਾਉਣ 'ਚ ਅਸਫ਼ਲ ਰਿਹਾ

ਲਾਹੌਰ, 26 ਮਈ (ਪੋਸਟ ਬਿਊਰੋ)- ਪਾਕਿਸਤਾਨੀ ਫ਼ੌਜ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੇ ਕਿਹਾ ਕਿ ਪਾਕਿਸਤਾਨ ਕਸ਼ਮੀਰ ਮੁੱਦੇ ਨੂੰ ਕੌਮਾਂਤਰੀ ਮੁੱਦਾ ਬਣਾਉਣ ਵਿੱਚ ਅਸਫਲ ਰਿਹਾ ਤੇ ਭਾਰਤ ਨੇ ਇਸ ਦਾ ਪੂਰਾ ਲਾਭ ਲਿਆ ਹੈ। ਬਾਜਵਾ ਨੇ ਧਮਕੀ ਦਿੰਦਿਆਂ ਇਹ ਵੀ ਕਹਿ ਦਿੱਤਾ ਹੈ ਕਿ ਕਸ਼ਮੀਰ ਦੀ ਮੌਜੂਦਾ ਸਥਿਤੀ ਨੂੰ ਚੁਣੌਤੀ ਦੇਣ ਦੀ ਹਰ ਕੋਸ਼ਿਸ਼ ਦਾ ਜਵਾਬ ਪੂਰੀ ਸੈਨਿਕ ਤਾਕਤ ਨਾਲ ਦਿੱਤਾ ਜਾਵੇਗਾ।



ਵਰਨਣ ਯੋਗ ਹੈ ਕਿ ਪਿਛਲੇ ਸਾਲ 5 ਅਗਸਤ ਨੂੰ ਭਾਰਤ ਸਰਕਾਰ ਵੱਲੋਂ ਕਸ਼ਮੀਰ ਤੋਂ ਧਾਰਾ 370 ਨੂੰ ਖ਼ਤਮ ਕਰਨ ਦੇ ਬਾਅਦ ਤੋਂ ਪਾਕਿਸਤਾਬ ਲਗਾਤਾਰ ਇਸ ਨੂੰ ਕੌਮਾਂਤਰੀ ਮੁੱਦਾ ਬਣਾਉਣ ਲੱਗਾ ਰਿਹਾ ਹੈ। ਉਸ ਨੇ ਕਸ਼ਮੀਰ ਮੁੱਦਾ ਦੁਨੀਆ ਦੇ ਹਰ ਮੰਚ 'ਤੇ ਉਠਾਇਆ, ਪਰ ਕੋਈ ਫ਼ਾਇਦਾ ਨਹੀਂ ਹੋਇਆ।

ਇਸ ਦੌਰਾਨ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮੁਹਿਮਦ ਕੁਰੈਸ਼ੀ ਨੇ ਦਆਵਾ ਕੀਤਾ ਕਿ ਪਾਕਿਸਤਾਨ ਆਪਣੇ ਖ਼ਿਲਾਫ਼ ਭਾਰਤ ਦੀ ਕਿਸੇ ਵੀ ਕਾਰਵਾਈ ਦਾ ਫ਼ੌਜੀ ਤਾਕਤ ਨਾਲ ਹਰ ਢੁਕਵਾਂ ਜਵਾਬ ਦੇਵੇਗਾ। ਭਾਰਤ ਵੱਲੋਂ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ 'ਤੇ ਆਪਣਾ ਦਾਅਵਾ ਜਤਾਉਣ ਪਿੱਛੋਂ ਕੁਰੈਸ਼ੀ ਨੇ ਈਦ ਦੀ ਨਮਾਜ਼ ਪਿੱਛੋਂ ਮੁਲਤਾਨ 'ਚ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਪਾਕਿਸਤਾਨ ਸ਼ਾਂਤੀ ਚਾਹੁੰਦਾ ਹੈ ਤੇ ਖ਼ੁਦ ਨੂੰ ਰੋਕਣ ਦੀ ਉਸ ਦੀ ਨੀਤੀ ਨੂੰ ਕਮਜ਼ੋਰੀ ਨਹੀਂ ਮੰਨਿਆ ਜਾਣਾ ਚਾਹੀਦਾ।


GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold
✓ 25x100ft lot
✓ Individual Yard & Driveway
✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment

(416) 970-5005

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3, ON L6T 5M4 | Fax : 905-488-2101

Office: 905-488-2100 Ext. 348

# ਫਿਲਮੀ ਦੁਨੀਆਂ

## ਸਵੇਰੇ ਚਾਰ ਵਜੇ ਤੱਕ ਕਰਦੇ ਸੀ ਐਡੀਟਿੰਗ, ਘਰੋਂ ਹੀ ਬਣਾ ਦਿੱਤੀ ਮਿੰਨੀ ਸੀਰੀਜ਼...

### ਸ਼੍ਰੇਆ ਧਨਵੰਤਰੀ

*ਇਮਰਾਨ ਹਾਸ਼ਮੀ ਦੇ ਆਪੋਜ਼ਿਟ 'ਵਾਇ ਚੀਟ ਇੰਡੀਆ' ਨਾਲ ਬਾਲੀਵੁੱਡ ਡੈਬਿਊ ਕਰਨ ਵਾਲੀ ਅਭਿਨੇਤਰੀ ਸ਼੍ਰੇਆ ਧਨਵੰਤਰੀ ਇਨ੍ਹੀਂ ਦਿਨੀਂ 'ਅ ਵਾਇਰਲ ਵੈਡਿੰਗ' ਨਾਂ ਦੀ ਇੱਕ ਮਿੰਨੀ ਸੀਰੀਜ਼ ਲੈ ਕੇ ਆਈ ਹੈ। ਇਸ ਨੂੰ ਲਾਕਡਾਊਨ ਦੇ ਦੌਰਾਨ ਹੀ ਉਨ੍ਹਾਂ ਨੇ ਘਰ 'ਤੇ ਲਿਖਿਆ ਅਤੇ ਡਾਇਰੈਕਟ ਵੀ ਕੀਤਾ ਹੈ। ਇਸ ਮਿੰਨੀ ਸੀਰੀਜ਼ ਨੂੰ ਬਣਾਉਣ ਵਿੱਚ ਕੀ ਕੀ ਮੁਸ਼ਕਲਾਂ ਆਈਆਂ, ਇਸ ਸੰਬੰਧੀ ਸ਼੍ਰੇਆ ਗੱਲਬਾਤ ਦੌਰਾਨ ਦੱਸਿਆ। ਪੇਸ਼ ਹਨ ਉਸੇ ਗੱਲਬਾਤ ਦੇ ਕੁਝ ਅੰਸ਼ :*

** ਲਾਕਡਾਊਨ ਦੌਰਾਨ ਇਸ ਸੀਰੀਜ਼ ਨੂੰ ਬਣਾਉਣ ਦਾ ਆਈਡੀਆ ਕਿਵੇਂ ਮਿਲਿਆ?*

– ਜਦ ਪਹਿਲੀ ਵਾਰ ਲਾਕਡਾਊਨ ਦਾ ਐਲਾਨ ਕੀਤਾ ਗਿਆ ਸੀ, ਉਸ ਸਮੇਂ ਕਈ ਵਿਆਹ ਰੁਕ ਗਏ ਸਨ। ਜਦ ਲੋਕ ਘਰ 'ਤੇ ਪਰੇਸ਼ਾਨ ਹੋ ਰਹੇ ਸਨ ਤਾਂ ਮੈਂ ਸੋਚਿਆ, ਕਿਉਂ ਨਾ ਲੋਕਾਂ ਨੂੰ ਇੱਕ ਲਾਈਟ ਮੂਡ ਮਿਨੀ ਸੀਰੀਜ਼ ਦਿੱਤੀ ਜਾਏ। ਤਦ ਮੈਂ ਇਸ ਦੀ ਸਕ੍ਰਿਪਟ ਲਿਖੀ ਅਤੇ ਉਸ ਦੇ ਬਾਅਦ ਸਾਥੀਆਂ ਨਾਲ ਸੰਪਰਕ ਕਰ ਕੇ ਇਸ ਦੀ ਸ਼ੂਟਿੰਗ ਸ਼ੁਰੂ ਕੀਤੀ।

** ਕਿਉਂਕਿ ਇਹ ਘਰ ਸ਼ੂਟ ਹੋਈ ਪਹਿਲੀ ਮਿੰਨੀ ਸੀਰੀਜ਼ ਹੈ, ਇਸ ਨੂੰ ਬਣਾਉਂਦੇ ਸਮੇਂ ਕਿਸ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ?*

– ਪ੍ਰੇਸ਼ਾਨੀਆਂ ਬਹੁਤ ਆਈਆਂ। ਅੱਠ ਐਪੀਸੋਡ ਦੀ ਇਸ ਮਿੰਨੀ ਸੀਰੀਜ਼ ਨੂੰ ਬਣਾਉਣ ਵਿੱਚ ਸਾਨੂੰ ਲਗਭਗ ਡੇਢ ਮਹੀਨੇ ਦਾ ਸਮਾਂ ਲੱਗਾ। ਸ਼ੁਰੂ ਵਿੱਚ ਆਪਸ ਵਿੱਚ ਤਾਲਮੇਲ ਬਿਠਾਉਣਾ ਬਹੁਤ ਮੁਸ਼ਕਲ ਸੀ। ਜਿੱਥੇ ਸਾਡੇ ਐਡੀਟਰ ਸਵੇਰੇ ਚਾਰ ਵਜੇ ਤੱਕ ਕੰਮ ਕਰਦੇ ਸਨ, ਉਥੇ ਮਿਊਜ਼ਿਕ ਡਾਇਰੈਕਟਰ ਅਤੇ ਵੀ ਐੱਫ ਐਕਸ ਵਾਲੀ ਟੀਮ ਸਵੇਰੇ ਸੱਤ ਵਜੇ ਤੋਂ ਕੰਮ ਕਰਨਾ ਸ਼ੁਰੂ ਕਰ ਦਿੰਦੀ ਸੀ। ਇਸ ਦੇ ਇਲਾਵਾ ਅਸੀਂ ਹਰ ਐਕਟਰ ਦੇ ਡਾਇਲਾਗ ਰਿਕਾਰਡ ਕਰ ਕੇ ਭੇਜਦੇ ਸੀ ਜਿਸ ਦੇ ਕੰਪਾਈਲ ਕਰਨ ਵਿੱਚ ਸਮਾਂ ਲੱਗਦਾ ਸੀ। ਇਸ ਦੇ ਇਲਾਵਾ ਕਈ ਹੋਰ ਪਰੇਸ਼ਾਨੀਆਂ ਸਨ, ਜਿਵੇਂ ਇੰਟਰਨੈੱਟ ਡਾਊਨ ਹੋਣਾ ਅਤੇ ਕਿਸੇ ਦੀ ਬਿਲਡਿੰਗ ਸੀਲ ਹੋਣਾ ਵਗੈਰਾ ਵਗੈਰਾ। ਇਸ ਦੇ ਨਾਲ ਹੀ ਅਸੀਂ ਸਾਰੇ ਘਰ ਦੇ ਬਾਕੀ ਕੰਮ ਵਿੱਚ ਵੀ ਲੱਗੇ ਰਹਿੰਦੇ ਸੀ। ਇਸ ਦੌਰਾਨ ਬੰਗਲੌਰ ਵਿੱਚ ਰਹਿਣ ਵਾਲੇ ਸਾਡੇ ਮਿਊਜ਼ਿਕ ਡਾਇਰੈਕਟਰ ਨੂੰ ਇੱਕ ਹੋਟਲ ਵਿੱਚ ਸ਼ਿਫਟ ਹੋਣਾ ਪਿਆ, ਕਿਉਂਕਿ ਉਨ੍ਹਾਂ ਦੇ ਘਰ ਲਾਈਟ ਚਲੀ ਗਈ ਸੀ।

** ਫਸਟ ਪਾਰਟ ਦੇ ਬਾਅਦ ਮਨੋਜ ਵਾਜਪਾਈ ਦੇ ਨਾਲ 'ਫੈਮਿਲੀ ਮੈਨ 2' ਵਿੱਚ ਵੀ ਨਜ਼ਰ ਆਓਗੇ। ਇਸ ਨੂੰ ਲੈ ਕੇ ਕਿੰਨੇ ਐਕਸਾਈਟਿਡ ਹੋ?*

– 'ਫੈਮਿਲੀ ਮੈਨ 2' ਦੀ 99 ਫੀਸਦੀ ਸ਼ੂਟਿੰਗ ਹੋ ਚੁੱਕੀ ਹੈ। ਮਨੋਜ ਨਾਲ ਦੋਬਾਰਾ ਕੰਮ ਕਰਨਾ ਮੇਰੇ ਲਈ ਖੁਸ਼ਕਿਸਮਤੀ ਦੀ ਗੱਲ ਹੈ। ਜਦ ਵੀ ਇਕੱਠੇ ਸ਼ੂਟਿੰਗ ਕਰਦੇ ਤਾਂ ਸੈੱਟ 'ਤੇ ਲੰਚ ਦਾ ਸਮਾਂ ਬਹੁਤ ਸਪੈਸ਼ਲ ਹੁੰਦਾ ਹੈ। ਅਸੀਂ ਸਾਰੇ ਇਕੱਠੇ ਖਾਣਾ ਖਾਂਦੇ ਹਾਂ ਅਤੇ ਅਤੇ ਹਰ ਟਾਪਿਕ 'ਤੇ ਗੱਲ ਕਰਦੇ ਹਾਂ। ਉਸ ਸਮੇਂ ਬਤੌਰ ਐਕਟਰ ਕਾਫੀ ਕੁਝ ਜਾਨਣ ਨੂੰ ਮਿਲਦਾ।



## ਇਸ ਕਾਰਨ ਉਦੋਂ ਰਿਲੀਜ਼ ਨਹੀਂ ਹੋਈ ਸੀ 'ਘੂਮਕੇਤੂ'



ਕਈ ਸਾਲਾਂ ਤੋਂ ਲਟਕੀ ਪਈ ਫਿਲਮ 'ਘੂਮਕੇਤੂ' ਡਿਜੀਟਲ ਪਲੇਟਫਾਰਮ ਜੀ 5 'ਤੇ ਰਿਲੀਜ਼ ਹੋਣ ਵਾਲੀ ਹੈ। ਇਹ ਫਿਲਮ ਕਰੀਬ ਛੇ ਸਾਲ ਤੋਂ ਰਿਲੀਜ਼ ਦੀ ਉਡੀਕ ਵਿੱਚ ਸੀ। ਅਜਿਹੇ ਵਿੱਚ ਸਭ ਤੋਂ ਵੱਡਾ ਸਵਾਲ ਕੰਟੈਂਟ ਨੂੰ ਲੈ ਕੇ ਉਠਦਾ ਹੈ ਕਿ ਇਸ ਫਿਲਮ ਦਾ ਕੰਟੈਂਟ ਅੱਜ ਦੇ ਦਰਸ਼ਕਾਂ ਲਈ ਕਿੰਨਾ ਪ੍ਰਾਸੰਗਿਕ ਹੋਵੇਗਾ? ਫਿਲਮ ਦੇ ਡਾਇਰੈਕਟਰ ਅਤੇ ਲੇਖਕ ਪੁਸ਼ਪੇਂਦਰ ਨਾਥ ਮਿਸ਼ਰਾ ਦਾ ਕਹਿਣਾ ਹੈ ਕਿ ਜਦ ਇਹ ਫਿਲਮ ਬਣੀ ਸੀ, ਉਸ ਦੌਰਾਨ ਰਿਲੀਜ਼ ਨਾ ਕਰ ਸਕਣ ਦਾ ਕਾਰਨ ਇਹ ਸੀ ਕਿ ਇਸ ਫਿਲਮ ਦਾ ਕੰਸੈਪਟ ਉਸ ਦੌਰ ਦੇ ਮੁਤਾਬਕ ਨਹੀਂ ਸੀ, ਬਲਕਿ ਉਸ ਤੋਂ ਅੱਗੇ ਦਾ ਸੀ। 'ਘੂਮਕੇਤੂ' ਦਾ ਕੰਟੈਂਟ ਅੱਜ ਦੇ ਦੌਰ ਵਿੱਚ ਪ੍ਰਾਸੰਗਿਕ ਹੈ। ਅੱਜਕੱਲ੍ਹ ਦਰਸ਼ਕਾਂ ਦਾ ਟੇਸਟ ਬਦਲਿਆ ਪਿਆ ਹੈ। ਪਹਿਲਾਂ ਸੋਚਿਆ ਜਾਂਦਾ ਸੀ ਕਿ ਹਰ ਫਿਲਮ ਨੂੰ ਥੀਏਟਰ ਤੱਕ ਪਹੁੰਚਣਾ ਚਾਹੀਦਾ ਹੈ, ਅੱਜ ਇਹ ਗੱਲ ਨਹੀਂ ਰਹਿ ਗਈ, ਸਗੋਂ ਡਿਜੀਟਲ ਪਲੇਟਫਾਰਮ ਦਾ ਜ਼ਮਾਨਾ ਹੈ। ਇਸ ਲਈ ਮੇਰੇ ਖਿਆਲ ਵਿੱਚ 'ਘੂਮਕੇਤੂ' ਲਈ ਇਹ ਅੰਤਰਰਾਸ਼ਟਰੀ ਰਿਲੀਜ਼ ਹੈ। 'ਘੂਮਕੇਤੂ' ਫਿਲਮ 22 ਮਾਰਚ ਨੂੰ ਜੀ5 'ਤੇ ਰਿਲੀਜ਼ ਹੋਵੇਗੀ। ਇਸ ਫਿਲਮ ਵਿੱਚ ਨਵਾਜ਼ੂਦੀਨ ਸਿੱਦੀਕੀ ਇੱਕ ਸੰਘਰਸ਼ਸ਼ੀਲ ਲੇਖਕ ਦੀ ਭੂਮਿਕਾ ਵਿੱਚ ਹਨ, ਜੋ ਬਾਲੀਵੁੱਡ ਵਿਚ ਆਪਣਾ ਨਾਂਅ ਬਣਾਉਣਾ ਚਾਹੁੰਦੇ ਹਨ।

## ਦਰਸ਼ਕਾਂ ਨੂੰ ਟਾਈਗਰ ਸ਼ਰਾਫ ਤੋਂ ਚੰਗਾ ਐਕਸ਼ਨ ਦੇ ਸਕਦੇ ਹਾਂ : ਸਿਧਾਂਤ

*'ਗਲੀ ਬੁਆਏ' ਵਿੱਚ ਐੱਮ ਸੀ ਸ਼ੇਰ ਸਿੰਘ ਦਾ ਰੋਲ ਨਿਭਾ ਕੇ ਆਪਣੀ ਪਛਾਣ ਬਣਾ ਚੁੱਕੇ ਸਿਧਾਂਤ ਚਤੁਰਵੇਦੀ ਦੇ ਕੋਲ ਇਸ ਸਮੇਂ ਕਈ ਫਿਲਮਾਂ ਹਨ, ਜਿਨ੍ਹਾਂ ਵਿੱਚ ਇੱਕ ਐਕਸ਼ਨ ਫਿਲਮ ਵੀ ਹੈ। ਆਪਣੀ ਆਉਣ ਵਾਲੀ ਐਕਸ਼ਨ ਫਿਲਮ ਬਾਰੇ ਕਾਫੀ ਉਤਸ਼ਾਹਤ ਹਨ। ਪੇਸ਼ ਹਨ ਸਿਧਾਂਤ ਚਤੁਰਵੇਦੀ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼:*

** ਲਾਕਡਾਊਨ ਨੇ ਜ਼ਿੰਦਗੀ ਕਿੰਨੀ ਕੁ ਬਦਲ ਦਿੱਤੀ ਹੈ?*

– 'ਗਲੀ ਬੁਆਏ' ਦੇ ਪਿੱਛੋਂ ਬੀਤਿਆ ਇੱਕ ਸਾਲ ਕਾਫੀ ਵਧੀਆ ਨਿਕਲਿਆ। ਵਰਨਾ ਉਸ ਦੇ ਪਹਿਲਾਂ ਦੀ ਜ਼ਿੰਦਗੀ ਤਾਂ ਬਿਲਕੁਲ ਲਾਕਡਾਊਨ ਵਰਗੀ ਸੀ। ਚਾਰਟਰਡ ਅਕਾਊਂਟੈਂਟ ਦੀ ਪੜ੍ਹਾਈ ਦੇ ਦਿਨਾਂ ਵਿੱਚ ਮੇਰਾ ਰੁਟੀਨ ਇਹ ਹੀ ਸੀ। 12-12 ਘੰਟੇ ਪੜ੍ਹਨਾ ਹੁੰਦਾ ਸੀ ਤਾਂ ਘਰੋਂ ਬਾਹਰ ਨਿਕਲਦਾ ਨਹੀਂ ਸੀ। ਸਟ੍ਰਗਲ ਦੇ ਟਾਈਮ 'ਤੇ ਵੀ ਇਹੀ ਰੁਟੀਨ ਸੀ। ਹਫਤੇ 'ਚ ਇੱਕ ਦੋ ਆਡੀਸ਼ਨ ਹੀ ਦੇ ਪਾਉਂਦਾ ਸੀ ਤੇ ਬਾਕੀ ਦਿਨਾਂ ਵਿੱਚ ਘਰ ਰਹਿੰਦਾ ਸੀ। ਫਿਰ 'ਗਲੀ ਬੁਆਏ' ਮਿਲੀ ਜਿਸ ਦੇ ਬਾਅਦ ਕਈ ਫਿਲਮਾਂ ਬਿਜ਼ੀ ਹੋ ਗਿਆ।

** ਇਸ ਸਮੇਂ ਤੁਹਾਡੀਆਂ ਕਿੰਨੀਆਂ ਫਿਲਮਾਂ ਲਟਕੀਆਂ ਹਨ?*

– ਫਿਲਹਾਲ ਤਿੰਨ ਫਿਲਮਾਂ ਲਟਕੀਆਂ ਹਨ। ਇੱਕ ਸ਼ਕੁਨ ਬੱਤਰਾ ਦੀ ਫਿਲਮ ਹੈ ਦੀਪਿਕਾ ਨਾਲ। 'ਬੰਟੀ ਔਰ ਬਬਲੀ 2' ਦੀ ਸ਼ੂਟਿੰਗ ਲਗਭਗ ਪੂਰੀ ਹੋ ਚੁੱਕੀ ਹੈ। ਇਸ ਦੇ ਕੁਝ ਹਿੱਸੇ ਦੀ ਸ਼ੂਟਿੰਗ ਬਚੀ ਸੀ ਜਿਸ ਲਈ ਅਸੀਂ ਲੋਕ ਇੱਕ ਮਹੀਨੇ ਲਈ ਸ੍ਰੀਲੰਕਾ ਜਾਣ ਵਾਲੇ ਸੀ, ਪਰ ਅੱਗੋਂ ਜਦ ਸ਼ੂਟਿੰਗ ਸ਼ੁਰੂ ਹੋਵੇਗੀ, ਤਦ ਅਸੀਂ ਲੋਕ ਮੁੰਬਈ ਵਾਲਾ ਪੋਰਸ਼ਨ ਹੀ ਪਹਿਲਾਂ ਸ਼ੂਟ ਕਰਾਂਗੇ। ਇਹ ਗਾਣੇ ਦਾ ਸੀਕਵੈਂਸ ਹੈ ਜਿਸ ਨੂੰ ਯਸ਼ਰਾਜ ਸਟੂਡੀਓ ਵਿੱਚ ਸ਼ੂਟ ਕੀਤਾ ਜਾਏਗਾ।

** ਤੁਹਾਡੀ ਕੋਈ ਐਕਸ਼ਨ ਫਿਲਮ ਵੀ ਸੀ ਸ਼ਾਇਦ?*

– ਉਸ ਲਈ ਅਸੀਂ ਇੱਕ ਅਨਾਊਂਸਮੈਂਟ ਵੀਡੀਓ ਸ਼ੂਟ ਕਰ ਲਿਆ ਸੀ। ਮੈਂ ਖੁਦ ਉਸ ਫਿਲਮ ਬਾਰੇ ਕਾਫੀ ਐਕਸਾਈਟਿਡ ਸੀ ਕਿਉਂਕਿ ਐਕਸ਼ਨ ਮੈਨੂੰ ਬਹੁਤ ਪਸੰਦ ਹੈ। ਉਸ ਦੇ ਬਹੁਤੇ ਹਿੱਸੇ ਦੀ ਸ਼ੂਟਿੰਗ ਇੰਟਰਨੈਸ਼ਨਲੀ ਹੋਣੀ ਸੀ। ਦੇਖਦੇ ਹਾਂ ਕਿ ਉਸ ਨੂੰ ਅਸੀਂ ਲੋਕ ਕਿਵੇਂ ਸ਼ੂਟ ਕਰਾਂਗੇ। ਇੱਕ ਹਾਰਰ-ਕਾਮੇਡੀ ਵੀ ਹੈ ਜਿਸ ਨੂੰ ਅਸੀਂ ਅਨਾਊਂਸ ਕਰਨ ਵਾਲੇ ਸੀ।

** ਇਹ ਕਿਸ ਤਰ੍ਹਾਂ ਦੀ ਐਕਸ਼ਨ ਫਿਲਮ ਹੈ? ਕੀ ਇਸ ਵਿੱਚ ਬਾਲੀਵੁੱਡ ਦਾ ਤੜਕਾ ਹੈ?*

– ਨਹੀਂ, ਇਹ ਕਿਸੇ ਤੋਂ ਇੰਸਪਾਇਰਡ ਨਹੀਂ। ਇਸ ਵਿੱਚ ਅਸੀਂ ਨਵੇਂ ਤਰ੍ਹਾਂ ਦਾ ਸਟਰੀਟ ਐਕਸ਼ਨ ਲਿਆਉਣ ਵਾਲੇ ਹਾਂ। ਅਸੀਂ ਇਸ 'ਤੇ ਇਹ ਸੋਚ ਕੇ ਕੰਮ ਕੀਤਾ ਕਿ ਅਸੀਂ ਪਬਲਿਕ ਨੂੰ ਟਾਈਗਰ ਸ਼ਰਾਫ ਤੋਂ ਚੰਗਾ ਐਕਸ਼ਨ ਕੀ ਦੇ ਸਕਦੇ ਹਾਂ।



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
### ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution

ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ। ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ

ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!!
905-793-2202

## ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:

647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ। ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

## ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic

ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

## Security Jobs - Security Guard Training - Licensing

GF1

Job Guaranteed after completion of the training

Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ

■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-

We Also Provide All Level's of First Aid & CPR Training

- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com

1085 Bellamy Rd (N)
Unit #210 Scarbrough (Toronto)
647-929-7736
Web: www.gf1security.com

REVIVE EMS
CANADIAN RED CROSS Training Partner

## A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

## Call for Free Estimates

A-1 RENOVATION GTA INC
New Basement $1,000
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com

Services:
- Complete Basement
- Tiles
- Bathrooms
- Plumbing
- Laminate
- Hardwood Floor
- Painting

A-1 RENOVATION GTA INC.
22 Listcreek Road, Brampton L6p 2n6

## ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!

AL EMPLOYMENT SERVICES INC

Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY
Realty Inc. Brokerage



Kulwinder Chhina
SALES REPRESENTATIVE
647.293.2327
www.Kulwinderchhina.com

## CELLNTELL DISTRIBUTION INC
## 1-401 Traders Blvd E, Mississauga. ON

Requires F/T Permanent Position. "General Manager Financial Communication and Services to do the following:

- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

**Salary: $58 per hour with 35hrs week, Experience:5 yrs, Bachelor's Degree (Required) with English Proficiency.**
Email Resume : umar.w@cellntell.com

## PESTAGON Ltd

PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

You can (905)793-2202
Place Your Business Here
To Reach Wider Audience



# Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਕੱਦ 5 ਫੁੱਟ 3 ਇੰਚ, ਜਨਮ 1989, ਬੀ.ਐੱਡ., ਐਮ.ਏ ਈਕੋਨਾਮਿਕਸ, ਆਈਲੈਟਸ 'ਚ 6.5 ਬੈਂਡਜ਼ ਇਨ ਜਨਰਲ, ਜੋ ਕਿ 6 ਸਾਲ ਦਾ ਪੜ੍ਹਾਉਣ ਦਾ ਤਜਰਬਾ ਰੱਖਦੀ ਹੈ ਅਤੇ ਭਾਰਤ 'ਚ ਰਹਿ ਰਹੀ ਹੈ, ਲਈ ਕੈਨੇਡੀਅਨ ਪੀ.ਆਰ., ਸਪਾਂਸਰਸ਼ਿਪ, ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਭੈਣ ਕੈਨੇਡਾ ਵੈੱਲ ਸੈਟਲਡ ਹੈ। ਸੰਪਰਕ:- ਭਾਰਤ- 95925-26284, ਕੈਨੇਡਾ- 403-804-9345

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਰਾਮਗੜ੍ਹੀਆ ਲੜਕੀ, 1986 ਦਾ ਜਨਮ, ਕੱਦ 5'2'', ਗੋਰਾ ਰੰਗ, ਯੋਗਤਾ ਐਮ.ਸੀ.ਏ., ਕੈਨੇਡੀਅਨ ਇਮੀਗ੍ਰਾਂਟ, ਆਈ.ਟੀ. ਕੰਪਨੀ ਟੋਰਾਂਟੋ ਵਿੱਚ ਪ੍ਰੋਫੈਸ਼ਨਲ ਅਤੇ ਚੰਗੀ ਪੋਸਟ 'ਤੇ ਜੌਬ ਕਰ ਰਹੀ, ਲਈ ਪੜ੍ਹੇ ਲਿਖੇ ਅਤੇ ਯੋਗ ਵਰ ਦੀ ਲੋੜ ਹੈ। ਲੜਕੀ ਦੀਆਂ ਦੋ ਭੈਣਾਂ, ਇੱਕ ਯੂ.ਕੇ. ਅਤੇ ਦੂਜੀ ਇੰਡੀਆ ਵਿੱਚ ਵੈਲ ਸੈਟਲਡ ਹਨ। ਕਿਰਪਾ ਕਰਕੇ ਲੜਕਾ ਆਪਣਾ ਅਤੇ ਆਪਣੇ ਪਰਿਵਾਰ ਦਾ ਸਾਰਾ ਵੇਰਵਾ ਆਪਣੀ ਫੋਟੋ ਸਮੇਤ ਭੇਜੇ। Email jeetsjandu@gmail.com ਜਾਂ ਸਾਨੂੰ ਵਟਸਐਪ ਨੰਬਰ ਤੇ ਸੰਪਰਕ ਕਰ ਸਕਦੇ ਹੋ: +919463328029

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।ਸੰਪਰਕ ਕਰੋ : 647-994-1985 । 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca


ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

## UPPAL LAW



AVTAR UPPAL
Manager

IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters



AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16,
Brampton,ON L6T 0C2, Fax: 905-672-7848

* PRIOR APPOINTMENT NECESSARY

## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## STARLANE PAINTING

Residential ▪ Commercial ▪ Industrial

- Hotel
- Motel
- Exterior
- Interior
- Spray Painting
- Office Painting
- Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



ਹਰਜੀਤ ਧਨੋਆ
416.230.4000 • 647.409.1092
www.STARLANEPAINTING.com

www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage
Independently Owned and Operated
Off: 905-456-3232

Other Realtors only Promise
But JAG AUJLA SOLD YOUR HOME WITH

Call For a Quick & Free Home Evaluation
www.BramptonQuickHomeEvaluation.com
Top 1% Ranked Broker

Urgently Need New Listing In Brampton/ GTA Call Jag Today To Sell Your Property For Top $$$ & Accurate Price

BRAMPTON
ਹਰੰਟਾਰੀਓ (ਹਾਈਵੇ 10) / ਮੇਅਫੀਲਡ
ਬਹੁਤ ਹੀ ਸੋਹਣਾ ਅਤੇ ਸ਼ਾਨਦਾਰ ਡੀਟੈਚਡ ਘਰ ਜਿਸ ਵਿਚ 4 ਬੈਡਰੂਮ ਅਤੇ 5 ਵਾਸ਼ਰੂਮ ਹਨ ਅਤੇ 2 ਕਾਰ ਗਰਾਜ ਹਨ। ਫਿਨੀਸ਼ਡ ਬੇਸਮੈਂਟ ਹੈ ਅੱਤੇ ਇਨਗਰਾਉਂਡ ਸਵਿਮਿੰਗ ਪੂਲ ਵੀ ਹੈ। ਸਾਰੇ ਘਰ ਵਿਚ ਹਾਰਡਵੁਡ ਫਲੋਰ ਹੈ ਅਤੇ ਕਿੱਤੇ ਵੀ ਕਾਰਪਟ ਨਹੀਂ ਹੈ। ਹਾਈ ਐਂਡ ਕਿਚਨ ਕੈਬਨੇਟ ਅਤੇ ਗਰੇਨਾਈਟ ਕਾਊਨਟਰ ਟਾਪ। ਮੈਨ ਫਲੋਰ ਲਾਂਡਰੀ ਹੈ। ਪੋਟ ਲਾਈਟਾਂ ਵੀ ਲਗੀਆਂ ਹਨ।

MISSISSAUGA
ਗਲੇਨ ਏਰੀਨ / ਡਨਵੀਨ ਡਰਾਈਵ
ਬਹੁਤ ਹੀ ਸ਼ਾਨਦਾਰ ਮੌਡਲ ਬੰਗਲਓ ਜਿਸ ਵਿਚ 3+1 ਬੈਡਰੂਮ ਅਤੇ ਫਿਨੀਸ਼ਡ ਵਾਕ ਆਊਟ ਬੇਸਮੈਂਟ ਹੈ ਜੋ ਕਿ ਵੱਡੇ ਬੈਕ ਯਾਰਡ ਨੂੰ ਜਾਂਦਾ ਹੈ ਜਿਸ ਵਿੱਚ ਵੁਡਨ ਡੈਕ ਅਤੇ ਸ਼ੇਡ ਹੈ। ਸਾਰਾ ਘਰ ਰੇਨੋਵੇਟ ਅਤੇ ਸਾਰੇ ਘਰ ਵਿਚ ਹਾਰਡਵੁਡ ਅਤੇ ਲੈਮੀਨੇਟ ਫਲੋਰ ਹੈ, ਮਾਸਟਰ ਬੈਡਰੂਮ ਸੇਮੀ ਈਨਸੂਟ ਹੈ, ਅਪਗ੍ਰੇਡੇਡ ਕਿਚਨ ਅਪਲਾਈਨਸੇਸ।

BRAMPTON
ਫਾਦਰ ਟੋਬੀਨ / ਬਰੈਮਲੀਅ ਰੋਡ
ਰੇਵੀਨ ਨੂੰ ਘਰ ਦਾ ਫਰੰਟ। ਬਹੁਤ ਹੀ ਸ਼ਾਨਦਾਰ 4+1 ਬੈਡਰੂਮ ਅਤੇ 5 ਵਾਸ਼ਰੂਮ ਦਾ ਘਰ। ਪ੍ਰੋਫੈਸ਼ਨਲੀ ਫਿਨੀਸ਼ਡ ਬੇਸਮੈਂਟ। ਡਬਲ ਡੋਰ ਐਂਟਰੀ, ਮੈਨ ਫਲੋਰ 9 ਫੁੱਟ ਸਿਲਿੰਗ, ਸਟੇਨਡ ਹਾਰਡਵੁਡ ਫਲੋਰ ਅਤੇ ਸਟੇਨਡ ਓਕ ਸਟੇਅਰਕੇਸ, ਮਾਸਟਰ ਬੈਡਰੂਮ 5 ਪੀਸ ਈਨਸੁਟ, ਹਾਈਲੀ ਅਪਗ੍ਰੇਡੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ ਅਤੇ ਸੈਂਟਰ ਆਈਲੈਂਡ।

BRAMPTON
ਬ੍ਰਿਸਡੇਲ / ਕ੍ਰੇਡੀਟਵਿਊ
SOLD $33000 OVER ASKING PRICE IN 2 DAYS

BRAMPTON
ਮੇਵੀਸ / ਸਟੀਲ
ਬਹੁਤ ਹੀ ਸੋਹਣਾ ਅਤੇ ਸਾਫ ਸੁਥਰਾ ਘਰ ਜਿਸ ਵਿਚ 3 ਬੈਡਰੂਮ ਅਤੇ 3 ਵਾਸ਼ਰੂਮ ਹਨ, ਸਾਰੇ ਘਰ ਵਿਚ ਨਵਾਂ ਪੇਂਟ ਕੀਤਾ ਹੈ। ਬੇਸਮੈਂਟ ਬਣਨ ਵਾਲੀ ਹੈ। ਮੈਨ ਫਲੋਰ 9 ਫੁੱਟ ਸਿਲਿੰਗ। ਸਾਰੇ ਘਰ ਵਿਚ ਹਾਰਡਵੁਡ ਅਤੇ ਲੈਮੀਨੇਟ ਫਲੋਰ। ਮਾਸਟਰ ਬੈਡਰੂਮ 5 ਪੀਸ ਈਨਸੂਟ ਅਤੇ ਵਾਕ ਈਨ ਕਲੋਜ਼ਟ, ਨਵੀਂਆਂ ਅਪਲਾਈਨਸੇਸ। ਬਹੁਤ ਜਲਦੀ ਵਿਕਣ ਵਾਲਾ ਘਰ ਹੈ।

REXDALE BODY SHOP
USED CAR SALE
Specialization In:
* All Kinds of Body Work
* Auto Glass Windshield
* Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

OURR HOME & APPLIANCES
UPTO 70% OFF WAREHOUSE SALE
416.551.3343 OPEN TO PUBLIC
www.ourrhomeappliances.com
Unbeatable Prices with Excellent Customer Service
SERVING ONTARIO FROM
TORONTO
44 FASKEN DR, # 2 - 9
ETOBICOKE, ON M9W 5M8
(416)-792-0877, (416)-551-3343
STONEY CREEK
#6 – 410 LEWIS ROAD
STONEY CREEK, ON L8E 5Y7
(905) 643-0818
LONDON
#4 -1540 FANSHAWE PARK RD. W,
LONDON, ON N6H 5L8
(519)-641-1010
BRAMPTON
1-241 CLARENCE ST.,
BRAMPTON, ON L6W 3E7
(416)-551-3343
AUTHORISED DEALER OF ALL NAME BRANDS
JENN-AIR Whirlpool MAYTAG Electrolux SAMSUNG LG KitchenAid FRIGIDAIRE GE
BRAND NEW & OPEN BOX APPLIANCES

Carte WEALTH MANAGEMENT INC.
KANG TAX & FINANCIAL SERVICES
- Personal and Corporate Tax Filings**
- RDSP, RESP, RRSP, TFSA Plans*
- Life, Critical, Disability, Visitor Insurance***
FREE Tax Filing For New Immigrants
416-271-4877
Sukhwinder Kang
(M.Sc. CFP)
Financial Advisor
2645 ISLINGTON AVENUE, Unit # 101
ALBION & ISLINGTON, ETOBICOKE
OVER INDIA BAZAR GROCERY STORE
e-mail:sukhwinder.kang@cartewm.com
* Mutual funds provided by Carte Wealth Management Inc.
** Tax planning and filings provided by Kang Tax & Financial Services
*** Insurance sold through Carte Risk Management Inc., Financial Horizons and Axxel Insurance.

Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com

IFS INTERSTATE FREIGHT SYSTEMS INC.
A/Z ਡਰਾਈਵਰਾਂ ਦੀ ਲੋੜ
USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ
Also Hiring Owner Operators for local work & US
- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ
Please send resume at:
safety@interstatefreightsystems.com
Call: 416-452-0677

Do you have the BEST type of Mortgage Insurance?

| | Mortgage Insurance from THE BANK | Life Insurance from an Insurance Company |
|---|---|---|
| Beneficiary | The Bank | Your Family ✓ |
| Payout | Decreasing | Fixed ✓ |
| Portable | NO | YES ✓ |
| Underwriting | Post - Claim Underwriting | Time of Application ✓ |

Know the Difference
Be Informed.

ALL INSURABLE

| | | |
|---|---|---|
| Alcoholism | Cancer | Chronic Kidney Disease |
| COPD | Declined Life Insurance | Diabetes |
| Drug Addiction | DUI | Epilepsy |
| Hazardous Sports | Heart Attack | Hepatitis A,B,C |
| Mental Illness | Multiple Sclerosis | Parkinson's Disease |
| Stroke | TIA | Valid Work Permit |

Life Insurance Coverage up to $500,000
No Medical Test Needed
Pedro Nazare - pnazare51@hotmail.com - (647) 282-1364
Devinder Pal Singh - devgta@gmail.com - (647) 785-1575